# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮਈ 1999 ਮੁੱਲ : 10 ਰੁਪਏ

ੴ

# ਅੰਮ੍ਰਿਤ ਕੀਰਤਨ

ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਆਨਰੇਰੀ ਸੰਪਾਦਕ
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.

ਕਾਰਜਕਾਰੀ ਸੰਪਾਦਕ
**ਡਾ. ਤ੍ਰਿਲੋਚਨ ਸਿੰਘ ਤਰਸੀ**

ਸਹਿਯੋਗੀ
**ਸ. ਹਰਭਜਨ ਸਿੰਘ ਚੋਪੜਾ**
**ਸ. ਜੋਤਿੰਦਰ ਸਿੰਘ ਸੋਹਲ**
**ਡਾ. ਕਰਨੈਲ ਸਿੰਘ ਸੋਮਲ**
**ਸ. ਉੱਤਮ ਸਿੰਘ**
**ਪ੍ਰੋ. ਸਤਵਿੰਦਰ ਸਿੰਘ**

ਚਿੱਤਰਕਾਰ
**ਗੁਰਦੀਪ ਸਿੰਘ ਦੀਪ**

ਲੇ ਆਊਟ
**ਸੋਹਲ ਸਪੈਸ਼ਲਸ**

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)
1051, ਸੈਕਟਰ 27-ਬੀ, ਚੰਡੀਗੜ੍ਹ
ਫੋਨ : 650696

'ਅੰਮ੍ਰਿਤ ਕੀਰਤਨ' ਲਈ ਚੈੱਕ/ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ - 160 015

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।

ਅੰਕ 5 ◆ ਸਾਲ ਗਿਆਰਵਾਂ ◆ ਮਈ 1999

ਮਿਤ੍ਰ ਅਸਾਡੜੇ ਸੇਈ — 2

ਕਰਉ ਬੇਨੰਤੀਆ — 3

ਕੀਰਤਨ ਦਾ ਸਰੂਪ ਤੇ ਸਥਾਨ — 4
ਪ੍ਰਿੰ. ਹਰਿਭਜਨ ਸਿੰਘ

ਰੱਬ ਨੇ ਜਿਸ ਨੂੰ ਚੁਣਿਆ — 15
ਪ੍ਰੋ. ਜਗਜੀਤ ਸਿੰਘ ਜਾਬੇਵਾਲ

ਭਾਈ ਗੋਪਾਲ ਸਿੰਘ ਜੀ ਰਾਗੀ — 19
ਮਹਿੰਦਰ ਸਿੰਘ ਗਿਆਨੀ

ਤਬਲਾ ਨਿਵਾਜ਼ : ਹਰਭਜਨ ਸਿੰਘ ਧਾਰੀਵਾਲ — 22
ਨਰਬਦਾ ਸ਼ੰਕਰ

ਜਨਮ, ਆਨੰਦ ਕਾਰਜ ਅਤੇ ਚਲਾਣੇ ਸੰਬੰਧੀ ਸ਼ਬਦ ਕੀਰਤਨ ਦੀ ਮਰਿਯਾਦਾ — 24

ਸੁਰ ਲਿਪੀਆਂ — 26

ਗੁਰਮੁਖ ਢੂਂਡ ਢੂਂਢੇਦਿਆਂ (Free Matrimonial Service) — 32

## ਚੰਦੇ ਦਾ ਵੇਰਵਾ

**ਦੇਸ਼**

| | |
|---|---|
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਵਿਚ ਆਪ ਹਮੇਸ਼ਾ ਨਿੱਗਰ ਸਮੱਗਰੀ ਪੇਸ਼ ਕਰਨ ਦਾ ਯਤਨ ਕਰਦੇ ਹੋ। 'ਕਰਉ ਬੇਨੰਤੀਆਂ' ਕਾਲਮ ਵਿੱਚ ਹਮੇਸ਼ਾ ਹੀ ਬਹੁਤ ਲਾਭਕਾਰੀ ਅਤੇ ਸੱਚੇ ਸੁੱਚੇ ਵਿਚਾਰ ਹੁੰਦੇ ਹਨ। ਅਪ੍ਰੈਲ ਅੰਕ ਵਿਚ ਤਾਂ ਆਪ ਜੀ ਨੇ ਗਾਗਰ ਵਿਚ ਸਾਗਰ ਵਾਲੀ ਗੱਲ ਕੀਤੀ ਹੈ। "ਖਾਲਸਾ-ਤਿੰਨ ਸਾਖੀਆਂ-ਤੇ ਅਸੀਂ" ਸਾਡੀ ਵਰਤਮਾਨ ਸਥਿਤੀ ਉੱਤੇ ਬਹੁਤ ਢੁਕਵਾਂ ਕਟਾਖਸ਼ ਹੈ। ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਉੱਤੇ ਇਹੋ ਜਿਹਾ ਸੋਹਣਾ ਅਤੇ ਸੰਖੇਪ ਸੰਦੇਸ਼ ਅਜੇ ਤਕ ਮੇਰੀ ਨਜ਼ਰੇ ਨਹੀਂ ਪਿਆ। ਅੱਜ ਕੱਲ ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਸੰਬੰਧੀ ਬਹੁਤ ਕੁਝ ਛੱਪ ਰਿਹਾ ਹੈ, ਬਹੁਤ ਗੋਸ਼ਟੀਆਂ ਹੋ ਰਹੀਆਂ ਹਨ ਅਤੇ ਪੁਤਸਕਾਂ ਛਪ ਰਹੀਆਂ ਹਨ। ਆਪਣੀ ਵਿਦਵਤਾ ਅਤੇ ਨਿੱਜੀ ਵਿਖਾਵਾ ਕਰਨ ਦੀ ਚੇਸ਼ਟਾ ਵਧੇਰੇ ਹੈ। ਕਥਨੀ ਅਤੇ ਕਰਨੀ ਵਿੱਚ ਬਹੁਤ ਪਾੜਾ ਹੈ। ਸੇਵਾ ਅਤੇ ਕੁਰਬਾਨੀ ਬਹੁਤ ਦੂਰ ਦੀਆਂ ਗੱਲਾਂ ਹਨ। ਕਿਰਤ ਕਰਨਾ, ਵੰਡ ਛੱਕਣਾ ਅਤੇ ਨਾਮ ਜਪਣਾ ਅਸੀਂ ਭੁੱਲ ਚੁੱਕੇ ਹਾਂ। ਕਰਮਕਾਂਡ, ਹਉਮੈ ਅਤੇ ਵਿਖਾਵਾ ਸਰਬ ਵਿਆਪਕ ਹਨ। ਸਰਬੰਸ ਦਾਨੀ ਨੇ ਸਾਨੂੰ ਨਿਰਭਉ, ਨਿਰਵੈਰ ਅਤੇ ਸੋਹਣੇ ਮਨੁੱਖ ਬਣਾਇਆ ਸੀ।

ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ ਦਾ ਉਪਦੇਸ਼ ਦਿੱਤਾ ਸੀ। ਪਰ ਅਸੀਂ ਤਾਂ ਨਿੱਕੀਆਂ ਨਿੱਕੀਆਂ ਗੱਲਾਂ (ਜਾਤਾਂ, ਗੋਤਾਂ, ਧਨੀ, ਨਿਰਧਨ, ਉਚ-ਨੀਚ, ਸਰਦਾਰਾਂ, ਚਮਾਰਾਂ, ਸਾਹਬਾਂ ਅਤੇ ਚਾਕਰਾਂ ਆਦਿ) ਵਿੱਚ ਫਸੇ ਪਏ ਹਾਂ। ਸੱਚਮੁੱਚ ਇਹ ਕੁਝ ਦੇਖ ਕੇ ਮਨ ਬੜਾ ਉਦਾਸ ਹੁੰਦਾ ਹੈ।

ਮਾਨਯੋਗ ਸ੍ਰ. ਭਗਵੰਤ ਸਿੰਘ ਦਲਾਵਰੀ ਜੀ ਨੇ ਸੱਚ ਹੀ ਕਿਹਾ ਹੈ - "ਖਾਲਸੇ ਦੀ 300ਵੀਂ ਵਰੇਗੰਢ ਕਾਹਦੀ ਖੁਸ਼ੀ ਮਨਾਈਏ" ਦਲਾਵਰੀ ਜੀ ਦਾ ਲੇਖ ਇਤਿਹਾਸਕ ਦਸਤਾਵੇਜ਼ ਹੈ। ਬਹੁਤ ਘਟ ਲੋਕ ਇਸ ਦਲੇਰੀ ਅਤੇ ਸੰਜੀਦਗੀ ਨਾਲ ਅਜਿਹੇ ਸਮਿਆਂ ਉੱਤੇ ਕੌੜਾ ਸੱਚ ਕਹਿਣ ਦੀ ਹਿੰਮਤ ਕਰਦੇ ਹਨ।

ਬਾਕੀ ਸੰਗੀਤ ਅਤੇ ਕੀਰਤਨ ਸੰਬੰਧੀ ਤਾਂ ਹਮੇਸ਼ਾਂ ਬਹੁਤ ਜਾਣਕਾਰੀ ਵਾਲੀ ਵਧੀਆ ਸਮੱਗਰੀ 'ਅੰਮ੍ਰਿਤ ਕੀਰਤਨ' ਵਿੱਚ ਛਪਦੀ ਰਹਿੰਦੀ ਹੈ। ਅਸਲ ਵਿੱਚ 'ਅੰਮ੍ਰਿਤ ਕੀਰਤਨ' ਮੇਰੇ ਲਈ ਗੁਰਮਤਿ ਸੰਗੀਤ ਅਤੇ ਗੁਰਮਤਿ ਬਾਰੇ ਜਾਣਕਾਰੀ ਦੇਣ ਲਈ ਵੱਡਾ ਵਸੀਲਾ ਹੈ। ਸੱਚ ਪੁੱਛੋ ਤਾਂ 'ਅੰਮ੍ਰਿਤ ਕੀਰਤਨ' ਦਾ ਜੀਵਨ ਸਾਥੀ ਬਣਨ ਤੋਂ ਪਹਿਲਾਂ ਮੇਰਾ ਗੁਰਮਤਿ ਸੰਗੀਤ ਬਾਰੇ ਗਿਆਨ ਬੜਾ ਪੇਤਲਾ ਸੀ। ਭਾਈ ਮਰਦਾਨਾ ਜੀ ਤੋਂ ਲੈ ਕੇ ਅੱਜ ਤੱਕ ਆਪ ਨੇ ਬਹੁਤ ਜਾਣਕਾਰੀ ਦੇਣ ਦੇ ਯਤਨ ਕੀਤੇ ਹਨ। ਮੇਰੇ ਕੋਲ 'ਅੰਮ੍ਰਿਤ ਕੀਰਤਨ' ਦੇ ਲਗਭਗ ਸਾਰੇ ਅੰਕ ਪਏ ਹਨ। ਜਦ ਕਦੇ ਪਿਛਲੇ ਅੰਕਾਂ ਉਤੇ ਝਾਤੀ ਮਾਰਨ ਦਾ ਮੌਕਾ ਮਿਲਦਾ ਹੈ ਤਾਂ ਪਤਾ ਲਗਦਾ ਹੈ ਕਿ ਆਪ ਨੇ ਕਿੰਨਾ ਕੁਝ ਛਪਿਆ ਹੈ ਅਤੇ ਕਿੰਨਾ ਵਧੀਆ ਗਿਆਨ ਵੰਡਣ ਦਾ ਉਪਰਾਲਾ ਕੀਤਾ ਹੈ। ਸੱਚਮੁੱਚ ਆਪ ਦੇ ਯਤਨ ਅਤਿ ਸ਼ਲਾਘਾਯੋਗ ਹਨ। ਇਸ ਵਿਚ ਆਪ ਦੀ ਪਤਨੀ ਕੁਲਵੰਤ ਕੌਰ ਅਤੇ ਬੱਚੇ ਵੀ ਸਾਥ ਦੇ ਰਹੇ ਹੋਣਗੇ ਨਹੀਂ ਤਾਂ ਅਜਿਹੇ ਕਾਰਜ ਕਰਨੇ ਬੜੇ ਕਠਨ ਹਨ। ਗੁਰੂ ਜੀ ਆਪ ਅਤੇ ਆਪ ਦੇ ਸਹਿਯੋਗੀਆਂ ਦੇ ਸਿਰ ਉੱਤੇ ਹੱਥ ਰੱਖੇ ਅਤੇ ਸਮਰਥਾ ਬਖਸ਼ੇ ਕਿ ਆਪ ਇਹ ਸੇਵਾ ਇਸ ਤਰ੍ਹਾਂ ਕਰਦੇ ਰਹੋ।

***ਗੁਰਵੰਤ ਸਿੰਘ ਵਿਜੈਪਾਲ/ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨਿਵਰਸਿਟੀ, ਨਵੀਂ ਦਿੱਲੀ***

★ ਆਪਨੇ ਜੋ ਅੰਗਰੇਜ਼ੀ ਵਿੱਚ ਲੇਖ ਦੇਣੇ ਸ਼ੁਰੂ ਕੀਤੇ ਹਨ, ਇਹ ਵਧੀਆ ਉਪਰਾਲਾ ਹੈ। ਇਸ ਨਾਲ ਪੱਛਮ ਵਿੱਚ ਰਹਿਣ ਵਾਲੇ ਪਾਠਕ ਪ੍ਰੇਰਿਤ ਹੋਣਗੇ।

***ਗਿਆਨ ਸਿੰਘ ਚੌਹਾਨ/ਕੁਵੈਂਟਰੀ ਇੰਗਲੈਂਡ***

★ ਤੁਹਾਡੇ ਵਲੋਂ ਭੇਜਿਆ ਜਾਂਦਾ 'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ। ਬਹੁਤ ਹੀ ਸ਼ਲਾਘਾਯੋਗ ਉੱਦਮ ਕਰ ਰਹੇ ਹੋ।

***ਪ੍ਰੋ. ਨਿਵੇਦਿਤਾ / ਸੰਗੀਤ ਵਿਭਾਗ, ਪੰਜਾਬ ਯੂਨਿਵਰਸਿਟੀ, ਪਟਿਆਲਾ***

★ 'ਅੰਮ੍ਰਿਤ ਕੀਰਤਨ' ਛਾਪਕੇ ਸਾਨੂੰ ਭੇਜ ਕੇ ਸਾਨੂੰ ਤੁਸੀਂ ਆਪਣੇ ਅਮੀਰ ਵਿਰਸੇ ਨਾਲ ਜੋੜੀ ਰੱਖਦੇ ਹੋ।

***ਬਖਸ਼ੀਸ਼ ਸਿੰਘ /ਰੌੜਕੇਲਾ***

*With compliments from*

***Kulvinder Singh***

**SAWHNEY CLOTH HOUSE**

**46, Shanker Market,**
**Connaught Circus, New Delhi - 110 001**
**Ph : 3312440 (R) 5721753**

# ਕਰਉ ਬੇਨੰਤੀਆ

## ਸੁਰ ਵਿੱਚ ਹੋਣਾ

ਮੇਰੇ ਇੱਕ ਮਿਹਰਬਾਨ ਮਿੱਤਰ ਹਨ-ਸ੍ਰ. ਗੁਰਬੰਤ ਸਿੰਘ। ਬਜ਼ੁਰਗ ਹਨ। ਉਹ ਦਿੱਲੀ ਰਹਿੰਦੇ ਹਨ। ਉਹਨਾਂ ਨੂੰ ਤਬਲਾ ਵਜਾਉਣ ਬਾਰੇ ਬੜਾ ਗਿਆਨ ਹੈ। ਹਿੰਦੁਸਤਾਨ ਦੇ ਵੱਡੇ-ਵੱਡੇ ਤਬਲਾ ਵਾਦਕਾਂ ਬਾਰੇ ਉਹ ਟਿੱਪਣੀਆਂ ਕਰਦੇ ਹਨ - "ਉਸ ਕੋਲ ਕੰਮ ਬੜਾ ਸੀ ਪਰ ਉਸ ਦੇ ਹੱਥ ਵਿੱਚ ਰਸ ਨਹੀਂ ਸੀ।" ਕਿਸੇ ਬਾਰੇ ਉਹ ਕਹਿੰਦੇ - "ਉਸ ਦਾ ਹੱਥ ਠੀਕ ਸੀ ਪਰ ਲੈਅ ਤੇ ਕਾਬੂ ਨਹੀਂ ਸੀ।" ਕਿਸੇ ਤਬਲਾ ਨਵਾਜ਼ ਦਾ ਹਵਾਲਾ ਦਿੰਦਿਆਂ ਆਖਦੇ - "ਗਾਉਣਾ ਤਾਂ, ਤਾਂ ਹੀ ਚੰਗਾ ਹੈ ਜੇ ਗਲਾ ਚੰਗਾ ਹੋਵੇ। ਇਹ ਕੁਦਰਤੀ ਦਾਤ ਹੈ। ਪਰ ਤਬਲੇ ਲਈ ਕਲਾਕਾਰ ਨੂੰ ਆਪ ਹੀ ਮਿਹਨਤ ਕਰਨੀ ਪੈਂਦੀ ਹੈ।" ਮੇਰੇ ਸਾਥੀ ਤਬਲਾਵਾਦਕ ਪਰਮਜੀਤ ਸਿੰਘ ਨੂੰ ਸਿੱਖਿਆ ਦਿੰਦਿਆਂ, ਉਹ ਕਹਿੰਦੇ ਹਨ - "ਇੱਕ ਇੱਕ ਬੋਲ ਨੂੰ ਵੇਖਦਿਆਂ ਹੋਇਆਂ ਵਜਾਉ। ਕਿਸੇ ਬੋਲ ਤੇ ਕਿੰਨਾ ਵਜ਼ਨ ਪਾਉਣਾ ਹੈ। ਇੱਕ ਬੋਲ ਨੂੰ ਦੂਜੇ ਬੋਲ ਤੋਂ ਕਿਵੇਂ ਨਿਖੇੜਨਾ ਹੈ...." ਆਦਿ ਆਦਿ।

ਇੱਕ ਵਾਰ ਉਹ ਚੰਡੀਗੜ੍ਹ ਕਿਸੇ ਮਿਰਤਕ ਦੇ ਭੋਗ ਤੇ ਆਏ ਸਨ। ਇੱਕ ਰਾਗੀ ਜੱਥਾ ਕੀਰਤਨ ਕਰਕੇ ਹਟਿਆ। ਬਾਦ ਵਿੱਚ ਗੱਲਾਂ ਬਾਤਾਂ ਕਰਦਿਆਂ ਕਹਿਣ ਲੱਗੇ - "ਕੀਰਤਨ ਵਿੱਚ ਬੇਸੁਰੀ ਆਵਾਜ਼ ਇਸ ਤਰ੍ਹਾਂ ਹੁੰਦੀ ਹੈ, ਜਿਵੇਂ ਫੁੱਲਾਂ ਦੇ ਬਗੀਚੇ ਵਿੱਚੋਂ ਜਿੱਥੋਂ ਖ਼ੁਸ਼ਬੋ ਆ ਰਹੀ ਹੋਵੇ ਤੇ ਅਚਾਨਕ ਕਿਸੇ ਨੇ ਉੱਥੇ ਗੰਦਗੀ ਖਿਲਾਰ ਕੇ ਬਦਬੋ ਫੈਲਾ ਦਿੱਤੀ ਹੋਵੇ।"

ਸੁਰੀਲੀ ਆਵਾਜ਼ ਖ਼ੁਸ਼ਬੋ ਵਾਂਗ ਹੈ ਅਤੇ ਬੇਸੁਰੀ ਆਵਾਜ਼ ਬਦਬੋ ਵਾਂਗ ਹੈ। ਹਾਂ, ਕਈ ਬੰਦਿਆਂ ਦੇ ਨੱਕ ਵਿੱਚ ਹੀ ਖਰਾਬੀ ਹੁੰਦੀ ਹੈ ਕਿ ਉਹਨਾਂ ਨੂੰ ਖ਼ੁਸ਼ਬੋ ਅਤੇ ਬਦਬੋ ਵਿੱਚ ਫਰਕ ਪਤਾ ਨਹੀਂ ਲੱਗਦਾ। ਇਵੇਂ ਹੀ ਕਈਆਂ ਦੇ ਕੰਨਾਂ ਨੂੰ ਸੁਰੀਲੇ ਅਤੇ ਬੇਸੁਰੇ ਦੀ ਤਮੀਜ਼ ਨਹੀਂ ਹੁੰਦੀ। ਇਸੇ ਲਈ ਪੁਰਾਣੇ ਉਸਤਾਦ ਪਹਿਲਾਂ ਕੇਵਲ ਸ਼ਾਗਿਰਦ ਦੀ ਸਰੋਤ ਠੀਕ ਕਰਦੇ ਸਨ।

ਮੈਨੂੰ ਯਾਦ ਆਇਆ, ਇੱਕ ਵਾਰ ਪ੍ਰਸਿੱਧ ਕਲਾਸੀਕਲ ਗਾਇਕ ਉਸਤਾਦ ਸ੍ਰ. ਸੋਹਨ ਸਿੰਘ ਚੰਡੀਗੜ੍ਹ ਇੱਕ ਸਮਾਗਮ ਵਿੱਚ ਗਾਉਣ ਲਈ ਆਏ, ਉਹ ਤਬਲਾ ਤੇ ਤਾਨਪੁਰਾ ਸੁਰ ਕਰਵਾਉਣ ਲੱਗੇ। ਬੜੀ ਦੇਰ ਤੱਕ ਉਹਨਾਂ ਦੀ ਤਸੱਲੀ ਨਾ ਹੋਈ। ਸਰੋਤੇ ਉਸੱਲਵਟੇ ਜਿਹੇ ਲੈਣ ਲੱਗੇ। ਉਸਤਾਦ ਜੀ ਕਹਿਣ ਲੱਗੇ- "ਹਿੰਦੁਸਤਾਨੀ ਮੌਸੀਕੀ ਕੀ ਯਹ ਬੜੀ ਖਾਸੀਅਤ ਹੈ ਕਿ ਯਹਾਂ ਕੇ ਸਾਜ਼ੋਂ ਕੋ ਖੁਦ ਸੁਰ ਕਰਨਾ ਪੜਤਾ ਹੈ। ਯਹ ਸਾਜ਼ ਸੁਰ ਕੀਏ ਕਰਾਏ ਨਹੀਂ ਹੋਤੇ। ਯਹ ਬੜੀ ਰਮਜ਼ ਵਾਲੀ ਬਾਤ ਹੈ। ਸਾਜ਼ੋਂ ਤੋ ਸੁਰ ਹੋਤਾ ਹੀ ਹੈ ਸਰੋਤੇ ਕੇ ਕਾਨ ਭੀ ਸੁਰ ਮੇਂ ਹੋਤੇ ਹੈਂ। ਸੁਨਨੇ ਵਾਲੋਂ ਕੋ ਭੀ ਪਤਾ ਚਲਤਾ ਹੈ ਕਿ ਸੁਰੀਲਾ ਕਿਆ ਹੋਤਾ ਹੈ ਔਰ ਬੇਸੁਰਾ ਕਿਆ ਹੋਤਾ ਹੈ।"

ਇਸ ਤੋਂ ਮੈਨੂੰ ਇਕ ਹੋਰ ਗੱਲ ਯਾਦ ਆਈ। ਮੈਂ ਸੱਤ ਕੁ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਦੁਆਰਿਆਂ ਵਿੱਚ ਬਤੌਰ ਹਜ਼ੂਰੀ ਰਾਗੀ ਕੀਰਤਨ ਕਰਦਾ ਰਿਹਾ ਹਾਂ। ਕਿਸੇ ਨੇ ਮੈਨੂੰ ਦੱਸਿਆ ਕਿ ਕੀਰਤਨ ਤੋਂ ਪਹਿਲਾਂ ਤਬਲੇ ਵਾਲੇ ਨੂੰ ਪੁੜਾ ਸੁਰ ਕਰਨਾ ਪੈਂਦਾ ਹੈ। ਕਈ ਵਾਰ ਉਸ ਤੇ ਵਧੇਰੇ ਸਮਾਂ ਲੱਗ ਜਾਂਦਾ ਹੈ। ਇਕ ਗੁਰਦੁਆਰੇ ਦੇ ਮੈਨੇਜਰ ਨੇ ਆਰਡਰ ਕੱਢ ਦਿੱਤਾ -ਵੇਖਣ ਵਿੱਚ ਆਇਆ ਹੈ ਕਿ ਰਾਗੀ ਸਿੰਘ ਕੀਰਤਨ ਦੀ ਸਟੇਜ ਤੇ ਬੈਠ ਕੇ ਇੱਕ ਦਮ ਕੀਰਤਨ ਸ਼ੁਰੂ ਨਹੀਂ ਕਰਦੇ ਸਗੋਂ ਤਬਲੇ ਦੀ 'ਟੁੰਨ-ਟੁੰਨ' ਕਾਫੀ ਦੇਰ ਤੱਕ ਕਰਦੇ ਰਹਿੰਦੇ ਹਨ। ਉਹਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇੱਕ ਦਮ ਕੀਰਤਨ ਸ਼ੁਰੂ ਕਰ ਦਿਆ ਕਰਨ।

ਹੁਣ ਵੀ ਕਈ ਕੀਰਤਨ ਦਰਬਾਰਾਂ ਵਿੱਚ, ਕਈ ਵਾਰ ਰੇਡੀਓ ਅਤੇ ਟੈਲੀਵੀਜ਼ਨ ਤੇ ਵੀ ਰਾਗੀ ਸਿੰਘ ਉਸ ਮੈਨੇਜਰ ਦੇ ਆਰਡਰ ਉਪਰ ਅਮਲ ਕਰਦੇ ਵੇਖੇ ਜਾ ਸਕਦੇ ਹਨ। ਉਹ ਪੁੜਾ ਸੁਰ ਕਰਨ ਦੀ ਲੋੜ ਨਹੀਂ ਸਮਝਦੇ।

ਸੁਰੀਲੇ ਅਤੇ ਬੇਸੁਰੇਪਨ ਦੀ ਤਮੀਜ਼ ਕਈ ਕੀਰਤਨੀਆਂ ਨੂੰ ਨਹੀਂ ਹੁੰਦੀ। ਉਹਨਾਂ ਦਾ ਬਹੁਤਾ ਜ਼ੋਰ ਅੱਖਾਂ ਨੂੰ ਚੰਗਾ ਲੱਗਣ ਤੇ ਲੱਗਾ ਹੁੰਦਾ ਹੈ। ਕਪੜੇ ਬਿਲਕੁੱਲ ਸਾਫ ਹੁੰਦੇ ਹਨ। ਕੀ ਹੋਇਆ ਜੇ ਸੁਰ ਸਾਫ ਨਹੀਂ। ਉਹਨਾਂ ਦੀ ਪੱਗ ਦੇ ਪੇਚ ਵਿੱਚੋਂ ਰਤਾ ਜਿੰਨਾਂ ਵੀ ਵਾਧਾ ਘਾਟਾ ਨਹੀਂ ਹੁੰਦਾ, ਤਾਲ ਦੀਆਂ ਮਾਤਰਾਂ ਵਧ ਘਟ ਹੋ ਜਾਣ ਤਾਂ ਕੋਈ ਗੱਲ ਨਹੀਂ।

ਸ੍ਰ. ਗੁਰਬੰਤ ਸਿੰਘ ਅਤੇ ਸ੍ਰ. ਸੋਹਨ ਸਿੰਘ ਜਿਹੇ ਬੰਦੇ ਵੀ ਘਟ ਹੀ ਮਿਲਦੇ ਹਨ ਜਿਹਨਾਂ ਨੂੰ ਬੇਸੁਰੇਪਨ ਵਿਚੋਂ ਬਦਬੋ ਆਉਂਦੀ ਜਾਪਦੀ ਸੀ ਅਤੇ ਜਿਹੜੇ ਸਾਜ਼ ਨੂੰ ਸੁਰ ਕਰਨਾ ਆਪਣੇ ਆਪ ਨੂੰ ਸੁਰ ਕਰਨਾ ਸਮਝਦੇ ਸਨ।

ਦਾਸ

# ਕੀਰਤਨ ਦਾ ਸਰੂਪ ਤੇ ਸਥਾਨ

## ਪ੍ਰਿੰ. ਹਰਿਭਜਨ ਸਿੰਘ

ਅਕਾਲ ਪੁਰਖ ਵਾਹਿਗੁਰੂ ਵਲੋਂ ਪਠਾਏ ਗੁਰੂ ਸਾਹਿਬਾਨ ਨੇ ਆਮਦ ਉਤੇ ਧੁਰੋਂ ਆਈ ਖਸਮ ਦੀ ਬਾਣੀ ਨੂੰ, ਰਾਗਾਂ ਵਿਚ ਉਚਾਰਿਆ ਤੇ ਗਾਇਣ ਕੀਤਾ। ਸੋ, ਉਚਿਤ ਹੈ ਕਿ 'ਕੀਰਤਨ ਦੇ ਸਰੂਪ ਤੇ ਸਥਾਨ' ਬਾਰੇ ਕੁਝ ਕਹਿਣ ਤੋਂ ਪਹਿਲਾਂ ਰਾਗ ਦੇ 'ਸਰੂਪ ਤੇ ਸਥਾਨ' ਸਬੰਧੀ ਸੰਖੇਪ ਤੌਰ ਉੱਤੇ ਕੁਝ ਬਿਨੈ ਕੀਤਾ ਜਾਵੇ :

ਸ੍ਰੀ ਗੁਰੂ ਨਾਨਕ ਦੇਵ ਜੀ ਜਦ ਸੋਦਰੁ ਦੀ ਪਉੜੀ ਵਿਚ 'ਘਟਿ ਘਟਿ ਵਾਜਹਿ ਨਾਦ' ਦੀ ਹਕੀਕਤ ਦਰਸਾਉਂਦੇ ਤੇ ਪਉਣੁ ਪਾਣੀ ਬੈਸੰਤਰ, ਸਿੱਧ-ਸਾਧਕ, ਪੰਡਤ, ਮਹਾਂਬਲੀ ਯੋਧੇ ਤੇ ਇੰਦਰ ਆਦਿਕ ਦੇਵਤੇ ਅਤੇ ਹੋਰ ਕੁਲ ਕਾਇਨਾਤ ਨੂੰ ਪ੍ਰਭੂ ਦਰ ਜਸ ਗਾਉਂਦੇ ਦਰਸਾਉਂਦੇ ਹਨ ਤਾਂ ਸੰਗੀਤ ਦੀ ਸਰਬ-ਪ੍ਰਿਯਤਾ ਤੇ ਵਿਆਪਕਤਾ ਹੋਰ ਵੀ ਨਿਖਰ ਕੇ ਸਾਹਮਣੇ ਆ ਸਾਕਾਰ ਹੁਦੀ ਹੈ।

ਜਪੁਜੀ ਦੀ ਸੋਲ੍ਹਵੀਂ ਪਉੜੀ ਵਿਚ ਇਕ ਥਾਂ ਗੁਰੂ ਜੀ ਨੇ ਕੁਦਰਤ ਵਿਚ ਵਰਤ ਰਹੀ ਇਕ ਸੁਰਤਾ ਅਥਵਾ ਨੇਮ-ਬਧ ਬੱਝਵੀਂ ਚਾਲ ਨੂੰ ਸੰਤੋਖ ਤੋਂ ਉਪਜੇ ਸੁਰ (ਜ਼ਬਤ) ਦਾ ਨਾਮ ਵੀ ਦਿੱਤਾ ਹੈ-'ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖ ਥਾਪ ਰਖਿਆ ਜਿਨਿ ਸੂਤਿ॥' ਇਸ ਜ਼ਬਤ ਤੋਂ ਉਪਜੀ ਲੈਅ ਸੁਰ ਤੇ *ਤਾਲ ਵਿਚ ਕਾਦਰ ਦੀ ਕੁਲ ਰਚਨਾ ਸੰਗੀਤ-ਮਈ ਨਾਚ ਨਚ ਰਹੀ ਹੈ। ਕੁਝ ਉਂਵੇ ਹੀ ਜਿਵੇਂ ਪ੍ਰਭੂ-ਰੰਗ ਰਤਿਆਂ ਦੀ 'ਵੇਖਣ ਵਾਲੀ ਅੱਖ ਤੇ ਸੁਣਨ ਵਾਲੇ ਕੰਨਾਂ ਨੂੰ ਪਸ਼ੂ, ਪੰਛੀ ਮਿਰਗ ਅਤੇ ਮੱਛੀਆਂ ਆਦਿ ਜੀਵ ਹਰੀ ਜਾਪ ਜਪਦੇ ਦਿਸਦੇ ਅਥਵਾ ਸਭ ਘਟ ਰਾਮ ਬੋਲਦਾ ਪ੍ਰਤੀਤ ਹੁੰਦਾ ਹੈ :

> **ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ, ਸੁ ਬਿਨ ਹਰਿ ਜਾਪਤ ਹੈ ਨਹੀਂ ਹੋਰ॥** (ਮ:੪, ਪੰਨਾ ੧੨੬੫)
>
> **ਤਥਾ-ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ॥** (ਭਗਤ ਨਾਮਦੇਵ, ਪੰਨਾ ੯੮੮)

ਰਾਗ ਅਥਵਾ ਸੰਗੀਤ ਦੀ ਸਰਬ-ਵਿਆਪਕਤਾ ਤੇ ਸੁਭਾਵਕਤਾ ਇਸ ਗੱਲ ਤੋਂ ਵੀ ਪ੍ਰਮਾਣਤ ਹੁੰਦੀ ਹੈ ਕਿ ਮਨੁੱਖ ਜਾਤੀ ਨੇ ਇਸ ਨੂੰ ਹਰ ਦੇਸ਼ ਤੇ ਕਾਲ ਵਿਚ ਆਪਣੇ ਆਪਣੇ ਰੰਗ-ਢੰਗ ਨਾਲ ਅਪਣਾਇਆ, ਅਤੇ ਸਿਵਾਏ ਇਸਲਾਮ ਦੇ, ਸਮੂਹ ਮਤਾਂ-ਮਤਾਂਤਰਾਂ ਵਲੋਂ ਹੀ ਇਸਨੂੰ ਸਦਾ ਮਾਨਤਾ ਪ੍ਰਾਪਤ ਰਹੀ ਹੈ। ਇਸਲਾਮ ਰਾਗ ਦਾ ਵਿਰੋਧ ਤੇ ਖੰਡਨ ਕਰਦਾ ਹੈ; ਪ੍ਰੰਤੂ ਉਥੇ ਵੀ ਬਾਂਗੀ ਨੂੰ 'ਖੁਸ਼ ਗੁਲੂ' ਹੋਣ ਦੀ ਹਦਾਇਤ ਹੈ। ਇਉਂ ਮੰਨ ਕੇ ਉਸ ਦੀ ਆਵਾਜ਼ ਵਿਚ ਸੁਰ, ਸੋਜ਼ ਤੇ ਲੈਅ ਨੂੰ ਪ੍ਰਵਾਨਿਆ ਗਿਆ ਹੈ। ਇਹੀ ਰਾਗ ਦੇ ਬੁਨਿਆਦੀ ਅੰਸ਼ ਹਨ।

ਮੁਸਲਿਮ ਸੂਫੀਆਂ ਸੰਤਾਂ ਨੇ ਨਾਤ ਤੇ ਕਵਾਲੀ ਦੇ ਰੂਪ ਵਿਚ ਰਾਗ ਨੂੰ ਰੱਜ ਕੇ ਅਪਣਾਇਆ ਹੈ। ਸਭ ਜਾਣਦੇ ਹਨ ਕਿ ਕਵਾਲੀ ਦੀ ਪ੍ਰਪਾਟੀ ਪਾਉਣ ਵਾਲਾ ਬਹੁ-ਪੱਖੀ ਵਿਦਵਾਨ ਅਮੀਰ ਖੁਸਰੋ ਸੀ। ਡਾਕਟਰ ਬਲਬੀਰ ਸਿੰਘ ਜੀ ਦੇ ਲੇਖ 'ਰਬਾਬ' ਵਿਚੋਂ ਇਹ ਟੂਕ ਇਸ ਸਬੰਧ ਵਿਚ ਦਿਲਚਸਪੀ ਦਾ ਕਾਰਨ ਹੋਵੇਗੀ:

'ਕੋਈ ਹਜ਼ਾਰ ਕੁ ਸਾਲ ਹੋ ਚੁਕਾ ਹੈ ਕਿ ਬੁਖਾਰੇ ਦੇ ਮੁਲਕ ਵਿਚ ਇਕ ਸਿਆਣਾ ਆਦਮੀ ਰਹਿੰਦਾ ਸੀ। ਇਸ ਦਾ ਨਾਮ ਅਬੂਨਾਸਰ ਸੀ। ਇਸ ਦਾ ਜੰਮ-ਪਲ ਫ਼ਾਰਾਬ ਸ਼ਹਿਰ ਦਾ ਸੀ। ਇਸ ਕਰ ਕੇ ਇਸ ਨੂੰ ਹਕੀਮ ਫ਼ਾਰਾਬੀ ਕਹਿੰਦੇ ਸਨ। ਹਕੀਮ ਫ਼ਾਰਾਬੀ ਕਈ ਇਕ ਵਿਦਯਾ ਦੇ ਹੁਨਰਾਂ ਦਾ ਮਾਲਕ ਸੀ। ਇਹ ਫਿਲਾਸਫਰ ਸੀ। ਗਵੱਯਾ ਸੀ, ਵਜੰਤ੍ਰੀ ਸੀ। ਇਸ ਦੀ ਜ਼ਿੰਦਗੀ ਬਹੁਤ ਸਾਦਾ ਸੀ। ਇਸ ਦੀ ਦਿਲਚਸਪੀ ਵਿਦਯਕ ਗੱਲਾਂ ਦੇ ਸਿਵਾਇ ਹੋਰ ਕਿਸੇ ਚੀਜ਼ ਵਿਚ ਨਹੀਂ ਸੀ। ਘਰ ਦਾ ਸਾਮਾਨ ਤੇ ਖਾਨਾਦਾਰੀ ਨਾਲ ਕੋਈ ਤਅਲੱਕ ਨਹੀਂ ਸੀ। ਕਪੜੇ ਵੀ ਮਾਮੂਲੀ ਤੇ ਆਪਣੇ ਲਗੇ ਮਾਹਵਾਰੀ ਵਜ਼ੀਫੇ ਵਿਚੋਂ ਵੀ ਸਿਰਫ ਚਾਰ ਦਿਰਮ ਰੱਖ ਕੇ ਬਾਕੀ ਦੀ ਰਕਮ ਮੋੜ ਦਿੰਦਾ ਸੀ। 'ਤਾਰੀਖ ਅਲਹੁਕਮਾ' ਵਿਚ ਇਸ ਦੇ ਰਾਗੀ ਹੋਣ ਦੀ ਇਕ ਅਜੀਬ ਹਕਾਇਤ ਲਿਖੀ ਹੈ : ਦੱਸਿਆ ਹੈ ਕਿ ਹਕੀਮ ਫਾਰਾਬੀ ਨੂੰ ਮਿਲਣ ਵਾਸਤੇ ਇਕ ਇਲਮ ਦੋਸਤ ਅਮੀਰ ਆਦਮੀ, ਬੜਾ ਉਤਾਵਲਾ ਸੀ। ਫਾਰਾਬੀ ਉਸ ਦੇ ਪਾਸ ਜਾਣੋਂ ਸੰਗਦਾ ਸੀ। ਇਕ ਦਿਨ ਅਮੀਰ ਆਪਣੀ ਮਹਿਫਲ-ਐਸ਼ ਵਿਚ ਬੈਠਾ ਸੀ ਕਿ ਹਕੀਮ ਫਾਰਾਬੀ ਉਥੇ ਆ ਗਿਆ, ਮਗਰ ਐਸ ਤਰ੍ਹਾਂ ਕਿ ਬਹੁਤ ਬੁਰੀ

---

*ਹਿੰਦੂ ਵਿਚਾਰਧਾਰਾ ਵਿਚ ਹਰੀ ਨੂੰ ਨਟਰਾਜ (ਵਡਾ ਨਾਚ ਤੇ ਨਿਰਤਕਾਰੀ) ਮੰਨਿਆ ਹੈ। ਭਗਤ ਨਾਮਦੇਵ ਅਨੁਸਾਰ ਪ੍ਰੇਰਕ ਹਰੀ ਤੋਂ ਸਾਰੀ ਸ੍ਰਿਸ਼ਟੀ ਨਚ ਰਹੀ ਹੈ। ਹਰੀ ਆਪ ਵੀ ਇਸ ਵਿਚ ਇਵੇਂ ਨਚ ਰਿਹਾ ਹੈ, ਜਿਵੇਂ ਟਿੰਡਾਂ ਵਿਚ ਪਾਣੀ ਚਲਦਾ ਹੈ। ਪ੍ਰਭੂ ਨਾਇਕ (ਮਾਲਿਕ) ਤੋਂ ਬਿਨ੍ਹਾਂ ਹੋਰ ਕੁਝ ਨਹੀਂ। ਮਾਇਆ ਹਰੀ ਤੋਂ ਹੋਈ ਹੈ। ਇਸ ਲਈ ਜੋ ਮਾਇਆ ਦਾ ਹੈ, ਉਹ ਹਰੀ ਦਾ ਹੀ ਹੈ। ਜੀਵ ਰੂਪ ਗੋਪੀਆਂ ਇਕ ਤਾਲ ਨੱਚ ਰਹੀਆਂ ਹਨ। ਸਬੰਧਤ ਸ਼ਬਦ ਦੀਆਂ ਕੁਝ ਪੰਗਤੀਆਂ ਇਸ ਪ੍ਰਕਾਰ ਹਨ :*

*'ਕ੍ਰਿਸਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥*
*....ਹਰਿ ਕਾ ਬਾਗਰਾ, ਨਾਚੈ ਪਿੰਧੀ ਮਹਿ ਸਾਗਰਾ ॥ ॥ਰਹਾਉ॥*
*ਨਾਚੀ ਗੋਪੀ ਜਨਾ॥ ਨਈਆ ਤੇ ਬੈਰੇ ਕੰਨਾ॥*

*(ਗੁ: ਗ੍ਰੰਥ ਸਾਹਿਬ ਪੰਨਾ ੬੯੩)*

ਹਾਲਤ ਵਿਚ, ਮੈਲੇ ਤੇ ਫਟੇ ਕਪੜੇ ਪਾਏ ਹੋਏ, ਸਿਰ ਉਪਰ ਚਿਥੜੇ ਲਪੇਟੇ ਹੋਏ ਅਤੇ ਸੂਰਤ ਅਜੀਬ ਬਣਾਈ ਹੋਈ। ਮਹਿਫਲ ਵਾਲੇ ਪਹਿਲੇ ਤਾਂ ਦਰਵਾਨ ਨੂੰ ਗੁੱਸੇ ਹੋਏ ਕਿ ਐਸੇ ਆਦਮੀ ਨੂੰ ਅੰਦਰ ਕਿਉਂ ਆਉਣ ਦਿੱਤਾ। ਫੇਰ ਘਰ ਆਏ ਨਾਲ ਮਖੌਲ ਤੇ ਛੇੜਖਾਨੀ ਵਿਚ ਰੁਝ ਪਏ। ਫਾਰਾਬੀ ਨੇ ਆਪਣੀ ਬਗਲ ਵਿਚੋਂ ਇਕ ਵਾਜਾ ਕੱਢਿਆ ਤੇ, ਵਜਾਉਣ ਲੱਗਾ। ਸਾਜ਼ ਦੀ ਆਵਾਜ਼ ਸੁਣ ਕੇ ਮਹਿਫਲ ਵਾਲੇ ਹੱਸ ਪਏ। ਫੇਰ ਉਸ ਨੇ ਪਰਦਾ ਬਦਲ ਕੇ ਸਾਜ਼ ਵਜਾਇਆ ਤਾਂ ਉਹ ਸਾਰੇ ਰੋਣ ਲੱਗ ਪਏ। ਹੁਣ ਉਸ ਨੇ ਸਾਜ਼ ਦਾ ਪਰਦਾ ਫੇਰ ਬਦਲ ਦਿੱਤਾ। ਅਸਰ ਕੀ ਹੋਇਆ? ਕਿਤਾਬ 'ਮਸ਼ਾਹੀਰੇ ਆਲਮ' ਵਿਚ ਲਿਖਿਆ ਹੈ :

'ਔਰ ਤੀਸਰਾ ਪਰਦਾ ਬਦਲਨੇ ਕੇ ਬਾਅਦ ਤਮਾਮ ਮਜਲਸ ਗ਼ਾਫਲ ਅਰ ਮਦਹੋਸ਼ ਹੋ ਗਈ। ਹਕੀਮ ਨੇ ਏਕ ਬਾਜੇ ਪਰ ਅਪਨਾ ਨਾਮ ਲਿਖਾ ਔਰ ਤਹਰੀਰ ਕੀਆ ਕਿ 'ਤੁਮ ਕੋ ਫਾਰਾਬੀ ਕੇ ਮਿਲਨੇ ਕਾ ਸ਼ੌਕ ਥਾ, ਵਹੁ ਆਯਾ ਤੁਮ ਨੇ ਉਸ ਕੀ ਹੰਸੀ ਉਡਾਈ, ਅਬ ਫਾਰਾਬੀ ਤੁਮ ਕੋ ਹੰਸਾ, ਰੁਲਾ ਔਰ ਸੁਲਾ ਕਰ ਜਾਤਾ ਹੈ।'

ਏਸੇ ਬਗਦਾਦ ਵਿਚ ਗੁਰੂ ਬਾਬੇ ਦੇ ਜਾਣ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ:

**ਫਿਰਿ ਬਾਬਾ ਗਿਆ ਬਗਦਾਦ ਨੂੰ, ਬਾਹਰਿ ਜਾਇ ਕੀਆ ਅਸਥਾਨਾ ॥**

**ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ॥**

**ਦਿਤੀ ਬਾਂਗ ਨਮਾਜ਼ਿ ਕਰਿ, ਸੁੰਨ ਸਮਾਨਿ ਹੋਆ ਜਹਾਨਾ॥** (ਵਾਰ ੧-੩)

ਬਗਦਾਦ ਵਿਚ ਉਸ ਵੇਲੇ ਪੀਰ ਦਸਤਗੀਰ ਸੀ। ਜ਼ਮਾਨਾ ਤੁਅੱਸਬ ਦਾ ਸੀ। ਸ਼ਰ੍ਹਾ ਕਰੜੀ ਸੀ। ਰਾਗ ਹੁਕਮਨ ਬੰਦ ਸੀ, ਪਰ ਪੀਰ ਦਸਤਗੀਰ ਨੂੰ ਪਤਾ ਸੀ ਕਿ ਰਾਗ ਕੀ ਚੀਜ਼ ਹੈ ਤੇ ਇਸ ਦੇ ਅਸਰ ਵਿਚ ਕੀ ਕਰਾਮਾਤ ਹੈ । ਅਰਬੀ ਦੀਆਂ ਆਪਣੀਆਂ ਸੂਫੀ ਰਵਾਇਤਾਂ ਮੁਤਾਬਿਕ ਹੀ ਕਿਹਾ ਗਿਆ ਹੈ: 'ਰਾਗ ਅੱਲਾ ਦੀ ਆਵਾਜ਼ ਹੈ- ਇਹ ਉਸ ਦੀ ਸੱਦ ਹੈ। ਇਸ ਦਾ ਜਵਾਬ ਰੂਹ ਦੇਂਦੀ ਹੈ। ਉਹ ਜਵਾਬ ਸਮਾਧੀ ਦੀ ਗੜੂੰਦ ਹੈ।'

ਉਸ ਨੂੰ ਪਤਾ ਸੀ ਕਿ ਉਹਨਾਂ ਦਾ ਆਪਣਾ ਹੀ ਇਕ ਵੱਡਕਾ ਇਸ ਬਾਬਤ ਕੀ ਕਹਿ ਗਿਆ ਹੈ। ਇਸ ਵੱਡਕੇ ਦਾ ਨਾਮ 'ਸਿਮੂਨ ਮੋਹਿਬ' ਸੀ। ਸਿਮੂਨ ਸਾਹਿਬ ਨੇ ਕਿਹਾ :

'ਰਾਗ ਸੱਦ ਹੈ ਅੱਲ੍ਹਾ ਵਲੋਂ ਰੂਹ ਨੂੰ। ਰੂਹ ਜਵਾਬ ਇਸ ਸੱਦ ਨੂੰ ਕੀ ਹੈ? ਵਜਦ (ਵਿਸਮਾਦ) ਵਿਚ ਆ ਜਾਣਾ। ਗਸ਼ (ਮੂਰਛਾ) ਹੋ ਜਾਣੀ ਤੇ ਰੂਹ ਦਾ ਅੱਲ੍ਹਾ ਵਿਚ ਸਮਾ ਜਾਣਾ ਹੈ।'

ਉਨ੍ਹਾਂ ਦੀ ਇਸ ਅਰਬੀ ਲਿਖਤ ਦਾ ਅਨੁਵਾਦ ਅੰਗਰੇਜ਼ੀ ਵਿਚ ਇਸ ਪ੍ਰਕਾਰ ਹੈ :

Music is call from God, and ecstacy is the answer of the soul to the call, while swooning means the merging of Soul in God.

ਕੀਰਤਨ ਦਾ ਮਹੱਤਵ ਸਮਝਾਉਣ ਲਈ ਪੁਸਤਕ 'ਸਰੇਸ਼ਟ ਗੋਸ਼ਟੀਆਂ' ਵਿਚੋਂ, ਜੋ ਮੌਲਾਨਾ ਹਮੀਦ ਸ਼ਾਇਰ ਕਲੰਦਰੀ ਰਚਿਤ 'ਖੈਰੁਲ-ਮਜਾਲਸ' (੧੩੫੪-੫੫ਈ:) ਦਾ ਪੰਜਾਬੀ ਅਨੁਵਾਦ ~~ਹੈ, ਇਹ~~ ਹਵਾਲਾ ਵਾਚਣ ਯੋਗ ਹੈ : ਸਾਡੇ ਸ਼ੇਖ ਸਾਹਿਬ (ਹਜ਼ਰਤ ਨਜ਼ਾਮੁੱਦੀਨ ਔਲੀਆ) ਨੇ ਅਰਜ਼ ਕੀਤੀ;

'ਤੁੱਠੇ ਹੋ ਤਾਂ ਧਰਮ-ਮਾਰਗ ਵਿਚ ਅਡੋਲਤਾ ਦੀ ਬਖਸ਼ਿਸ਼ ਕਰ ਦਿਓ।'

ਸ਼ੇਖ ਫਰੀਦੁੱਦੀਨ ਨੇ ਫੁਰਮਾਇਆ, 'ਜਾ ਕੀਤੀ'।

....ਪਿਛੋਂ ਸ਼ੇਖ ਸਾਹਿਬ (ਨਜ਼ਾਮੁੱਦੀਨ ਔਲੀਆ) ਕਿਹਾ ਕਰਦੇ ਸਨ ਕਿ ਇਸ ਤੋਂ ਮਗਰੋਂ ਕਈ ਸਾਲ ਲੰਘਣ ਦੇ ਬਾਵਜੂਦ, ਮੈਨੂੰ ਇਹ ਪ੍ਰੇਸ਼ਾਨੀ ਰਹੀ ਕਿ ਉਸ ਸੁਭਾਗ ਘੜੀ, ਸਮਾਅ (ਨਿਰਤ ਤੇ ਰਾਗ) ਵਿਚ ਪ੍ਰਾਣ ਛੱਡਣ ਦੀ ਮੰਗ ਕਿਉਂ ਨਾ ਕੀਤੀ।

ਦਾਸ ਨੇ ਬੇਨਤੀ ਕੀਤੀ ਕਿ ਜੇ ਸ਼ੇਖ ਸਾਹਿਬ ਨੇ ਸਮਾਅ ਵਿਚ ਪ੍ਰਭੂ ਸਮੀਪਤਾ ਦੀ ਇੱਛਾ ਪ੍ਰਗਟਾਈ ਸੀ ਤਾਂ ਸਮਾਅ ਦਾ ਮਹਾਤਮ ਕਿੰਨਾ ਭਾਰਾ ਹੁੰਦਾ ਹੋਵੇਗਾ। ਇਸ ਉਤੇ ਜਨਾਬ ਖਾਜਾ ਸਾਹਿਬ ਨੇ ਇਹ ਤੁਕ ਉਚਾਰੀ :-

ਰਕਸ ਆਂ ਨ ਬਵਦ ਕਿ ਹਰ ਜ਼ਮਾਂ ਬਰਖੇਜ਼ੀ।

(ਭਾਵ-ਬਿੰਦ ਬਿੰਦ ਪਿਛੋਂ ਟਪਣਾ, ਭੁੜਕਣਾ ਨਿਰਤ (ਰਕਸ) ਨਹੀਂ ਅਖਵਾਉਂਦਾ)

ਭਾਰਤੀ ਸੰਗੀਤ ਦੇ ਆਰੰਭ ਆਦਿ ਬਾਰੇ ਅਤਿ ਸੰਖੇਪ ਤੌਰ ਤੇ ਕੁਝ ਕਹਿਣ ਤੋਂ ਪਹਿਲਾਂ ਅਸੀਂ ਇਸ ਬਾਰੇ ਪੱਛਮੀ ਮੱਤਾਂ ਤੇ ਵਿਦਵਾਨਾਂ ਦਾ ਰਾਗ ਸਬੰਧੀ ਦ੍ਰਿਸ਼ਟੀਕੋਣ ਵਰਣਨ ਕਰਨਾ ਉਚਿਤ ਜਾਤਾ ਹੈ :

(ੳ) ਵਿਦਵਾਨ ਕਾਰਲਾਇਲ ਨੇ ਰਾਗ ਨੂੰ ਫਰਿਸ਼ਤਿਆਂ ਦੀ ਬੋਲੀ ਕਹਿ ਕੇ ਸਤਿਕਾਰਿਆ ਹੈ। ਉਹ ਸੰਗੀਤ ਤੇ ਡੂੰਘਾ ਸੋਚਣ ਤੇ ਤੱਕਣ ਨੂੰ ਓਤ ਪੋਤ ਦੱਸਦੇ ਹੋਏ ਲਿਖਦੇ ਹਨ :-

"ਤੁਸੀਂ ਬਹੁਤ ਡੂੰਘਾ ਤੱਕੋ, ਅਤੇ ਤੁਹਾਡਾ ਏਵੇਂ ਤੱਕਣਾ ਸੰਗੀਤਕ ਹੋ ਜਾਵੇਗਾ। ਕੁਦਰਤ ਦਾ ਦਿਲ ਹਰ ਥਾਂ ਇਕ ਨਾਦ ਦੇ ਰੂਪ ਵਿਚ ਵੱਜ ਰਿਹਾ ਹੈ। ਪ੍ਰਤੂੰ ਤੁਸੀਂ ਇਸ ਨੂੰ ਮਾਣੋਗੇ ਤਦ ਤੇ ਤਾਂ, ਜੇ ਕਿਸੇ ਤਰ੍ਹਾਂ ਤੁਹਾਡੀ ਪਹੁੰਚ ਉਥੋਂ ਤੱਕ ਹੋ ਜਾਵੇ।

(Music is well said to be the speech of angles. Music and rhythm find their way into the secret places of the soul.)

(ਅ) 'ਸੰਗੀਤ ਨੂੰ ਆਤਮ ਅਥਵਾ ਪ੍ਰਮਾਤਮ ਡੂੰਘਾਈਆਂ

ਤੱਕ ਪਹੁੰਚਣ ਦਾ ਮਾਰਗ ਦੱਸਦੇ ਹੋਏ ਮਹਾਨ ਚਿੰਤਕ ਪਲੈਟੋ ਦੱਸਦੇ ਹਨ ਕਿ ਕੇਵਲ ਸੁਰ ਤੇ ਲੈਅ ਹੀ ਆਤਮਾ ਦੇ ਮਰਮ ਅਸਥਾਨਾਂ ਤਕ ਪਹੁੰਚ ਸਕਦੇ ਹਨ।'

(See deep enough and you see musically, the heart of nature being every where music, if you can only reach. *(Carlyle, Hero and Hero Worship).*

(Music and rhythm find their way into the secret places of the Soul *(Plato, The Republic).*

(ੲ) ਜਰਮਨ ਦੇ ਮਹਾਨ ਫਿਲਾਸਫਰ, ਗੋਇਟੇ ਨੇ, ਰਾਗ ਨੂੰ ਮਨ ਤੇ ਮਾਦੇ ਵਿਚ ਸੰਪਰਕ ਕਾਇਮ ਕਰਨ ਵਾਲੀ ਰੌ ਕਰਕੇ ਮੰਨਿਆ ਹੈ।

(ਸ) ਨਿਪੋਲੀਅਨ ਅਨੁਸਾਰ ਰਾਗ ਉਤੇਜਿਤ ਮਨੋ-ਭਾਵਾਂ ਨੂੰ ਸ਼ਾਂਤ ਕਰਨ ਦਾ ਸਾਧਨ ਹੈ।

(Music of all the liberal arts has the greatest influence over passions.- *Napoleon*)

(ਹ) ਜਿਥੇ ਵਿਦਵਾਨ ਹੰਟ ਨੇ ਸੰਗੀਤ ਨੂੰ ਦੁਹਿੰਦੇ ਮਨਾਂ ਦਾ ਦਾਰੂ ਕਰਕੇ ਮੰਨਿਆਂ ਹੈ, ਓਥੇ ਐਵਰ-ਬੈਂਕ ਦੇ ਵਿਚਾਰ ਵਿਚ ਇਹ ਸਾਡੇ ਮਨਾਂ ਉਤੇ ਦਿਨ ਰਾਤ ਪੈਂਦੀ ਵਿਕਾਰਾਂ ਦੀ ਮੈਲ ਨੂੰ ਨਾਲੋ ਨਾਲ ਧੋਣ ਦਾ ਵਸੀਲਾ ਹੈ।

(ਕ) ਵਿਦਵਾਨ ਕੰਗਰੀਵ ਤਾਂ ਏਥੋਂ ਤਕ ਜਾਂਦਾ ਹੈ ਕਿ ਰਾਗ ਵਿਚ ਵਹਿਸ਼ੀ ਮਨਾਂ ਨੂੰ ਸ਼ਾਂਤ ਤੇ ਪੱਥਰਾਂ ਨੂੰ ਨਰਮ ਕਰਨ ਅਤੇ ਓਕ ਵਰਗੇ ਅਝੁੱਕ ਬ੍ਰਿਛ ਨੂੰ ਝੁਕਾ ਦੇਣ ਦੀ ਸ਼ਕਤੀ ਹੈ।

(Music has charms to soothe the savage breast, to soften rock and bend the knotted oak. - *Congreve*)

(ਖ) ਮਹਾਨ ਜਰਮਨ ਚਿੰਤਕ, ਮਾਰਟਿਨ ਲੂਥਰ, ਰਾਗ ਨੂੰ ਰੱਬ ਦਾ ਇਕ ਅਤਿ ਸੁੰਦਰ ਤੇ ਪ੍ਰਭਾਵਸ਼ਾਲੀ ਦੇਣ ਮੰਨਦਾ ਹੈ ਤੇ ਸ਼ੈਤਾਨ ਨੂੰ ਇਸ ਦਾ ਇਸ ਲਈ ਕੱਟੜ-ਵਿਰੋਧੀ ਦਸਦਾ ਹੈ ਕਿ ਰਾਗ, ਦਿਲ ਤੋਂ ਗਮਾਂ ਦਾ ਭਾਰ ਲਾਹ ਸੁਟੱਣ ਅਤੇ ਉਸ ਨੂੰ ਮੰਦੇ ਵਿਚਾਰਾਂ ਦੀ ਖਿੱਚ ਤੇ ਮਾਰ ਤੋਂ ਬਚਾਅ ਸਕਣ ਦੀ ਸਮਰਥਾ ਰੱਖਦਾ ਹੈ।

(Music is one of the fairest and most glorious gifts of God to which "Satan" is a bitter enemy; because, it removes from the hearts the weight of sorrow and the fascination of evil thoughts.- *Luther*)

(ਗ) ਚਟਿਓ ਬ੍ਰੀਐਂਡ ਨੇ ਸੰਗੀਤ ਨੂੰ ਪ੍ਰਾਰਥਨਾ ਦਾ ਬੱਚਾ ਅਤੇ ਧਰਮ ਦਾ ਸਾਥੀ ਕਰਕੇ ਸਨਮਾਨਿਆ ਹੈ।

(Music is the child of prayer, the companion of religion.- *Chateau Briand*)

(ਘ) ਮਹਾਨ ਕਵੀ ਕੀਟਸ ਨੇ ਤਾਂ ਸੰਗੀਤਕ-ਮੌਤ ਦੀ ਕਾਮਨਾ ਕਰਕੇ ਇਸ ਦਾ ਰੁਤਬਾ ਹੋਰ ਵੀ ਉਚੇਰਾ ਕਰ ਵਿਖਾਇਆ ਹੈ ਉਹ ਲਿਖਦਾ ਹੈ :

"ਮੈਨੂੰ ਸੰਗੀਤਕ ਮੌਤ ਬਖਸ਼ੋ, ਅਤੇ ਮੈਂ ਹੋਰ ਕਿਸੇ ਖੁਸ਼ੀ ਦੀ ਕਾਮਨਾ ਨਹੀਂ ਕਰਦਾ।"

(Let me have music dying and I ask for no more delight.-*Keats*)

**ਭਾਰਤੀ ਸੰਗੀਤ ਦੀ ਉਤਪਤੀ**

ਸੰਗੀਤ-ਕਲਾ ਜਿਥੇ ਬਹੁਤ ਪ੍ਰਾਚੀਨ, ਨਿਪੁੰਨ ਅਤੇ ਧਾਰਮਿਕ ਭਾਵਾਂ ਨਾਲ ਗੁੱਧੀ ਮੰਨੀ ਗਈਹੈ। ਉਥੇ ਉਸ ਦੀ ਉਤਪਤੀ ਬਾਰੇ ਇਹ ਭਿੰਨ ਭਿੰਨ ਵਿਚਰ ਵੀ ਦਿਲਚਸਪ ਦਾ ਕਾਰਨ ਹਨ:

1. ਸੰਗੀਤ ਦੀ ਉਤਪਤੀ ਸਭ ਤੋਂ ਪਹਿਲਾਂ ਵੇਦਾਂ ਦੇ ਨਿਰਮਾਤਾ ਬ੍ਰਹਮਾ ਜੀ ਤੋਂ ਮੰਨੀ ਗਈ ਹੈ। ਬ੍ਰਹਮਾ ਜੀ ਨੇ ਇਹ ਕਲਾ ਸ਼ਿਵ ਜੀ ਨੂੰ ਦਿਤੀ, ਅਤੇ ਸ਼ਿਵ ਜੀ ਨੇ ਸਰਸਵਤੀ ਦੇਵੀ ਨੂੰ। ਏਸੇ ਲਈ ਦੇਵੀ ਸਰਸਵਤੀ ਜੀ ਨੂੰ "ਵੀਣਾ ਪੁਸਤਕ ਧਾਰਨੀ" ਆਖ ਕੇ ਸੰਗੀਤ ਤੇ ਸਾਹਿਤ ਦੀ ਦਾਤੀ ਮੰਨਿਆ ਗਿਆ ਹੈ। ਸਰਸਵਤੀ ਜੀ ਤੋਂ ਸੰਗੀਤ ਕਲਾ ਦਾ ਗਿਆਨ ਨਾਰਦ ਜੀ ਨੂੰ ਪ੍ਰਾਪਤ ਹੋਇਆ, ਜਿਸ ਨੇ ਇਹ ਗਿਆਨ ਸਵਰਗ ਦੇ ਗੰਧਰਵਾਂ, ਕਿੱਨਰਾਂ ਤੇ ਅੱਪਛਰਾਵਾਂ ਨੂੰ ਸਿਖਾਇਆ, ਜਿਥੋਂ ਭਰਤ ਅਤੇ ਹਨੂੰਮਾਨ ਆਦਿ ਰਿਸ਼ੀਆਂ ਨੇ ਇਸਨੂੰ ਪ੍ਰਾਪਤ ਕਰਕੇ ਪ੍ਰਿਥਵੀ ਦੇ ਲੋਕਾਂ ਵਿੱਚ ਪ੍ਰਚਾਰਿਆ।

2. ਇਕ ਗ੍ਰੰਥਾਕਾਰ ਦੇ ਮਤ ਅਨੁਸਾਰ ਨਾਰਦ ਜੀ ਦੇ ਕਈ ਵਰ੍ਹਿਆਂ ਤੱਕ ਜੋਗ-ਸਾਧਨਾ ਕਰਨ ਉਪਰੰਤ ਮਹਾਂਦੇਵ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਸੰਗੀਤ ਕਲਾ ਪ੍ਰਦਾਨ ਕੀਤੀ।

3. "ਸੰਗੀਤ ਦਰਪਣ" ਦੇ ਲੇਖਕ 'ਪੰਡਤ ਦਾਮਦੋਰ' ਦੇ ਮਤ ਅਨੁਸਾਰ ਸੰਗੀਤ ਕਲਾ ਦੀ ਉਤਪਤੀ ਬ੍ਰਹਮਾਂ ਜੀਤੋਂ ਆਰੰਭ ਹੁੰਦੀ ਹੈ। ਉਸ ਨੇ ਸੱਤਾਂ ਸੁਰਾਂ ਦੀ ਉਤਪਤੀ ਇਨ੍ਹਾਂ ਪਸ਼ੂ, ਪੰਛੀਆਂ ਦੁਆਰਾ, ਇਸ ਪ੍ਰਕਾਰ ਹੋਈ ਮੰਨੀ ਹੈ :-

"ਮੋਰ ਤੋਂ ਛੜਜ, ਚਾਤ੍ਰਿਕ ਤੋਂ ਰਿਖਭ, ਬਕਰੇ ਤੋਂ ਗੰਧਾਰ, ਕਾਂ ਤੋਂ ਮਾਧਿਅਮ, ਕੋਇਲ ਤੋਂ ਪੰਚਮ, ਡੱਡੂ ਤੋਂ ਧੈਵਘ ਅਤੇ ਹਾਥੀ ਤੋਂ ਨਿਖਾਦ।"

**ਫਾਰਸੀ ਤੇ ਅੱਨ ਪੱਛਮੀ ਵਿਦਵਾਨਾਂ ਦੇ ਵਿਚਾਰ :**

1. ਇਕ ਫਾਰਸੀ ਵਿਦਵਾਨ ਦਾ ਕਥਨ ਹੈ ਕਿ ਪਹਾੜਾਂ

ਉਤੇ 'ਮੂਸੀਕਾਰ' ਨਾਂ ਦਾ ਇਕ ਅਜਿਹਾ ਪੰਛੀ ਹੈ, ਜਿਸਦੇ ਨੱਕ ਵਿਚ ਬੰਸਰੀ ਵਾਂਗ ਸੱਤ ਸੁਰਾਖ ਹੁੰਦੇ ਹਨ। ਇਨ੍ਹਾਂ ਸੱਤਾਂ ਛੇਕਾਂ ਵਿਚੋਂ ਹੀ ਸੱਤ ਸੁਰਾਂ ਪੈਦਾ ਹੋਈਆਂ।

2. ਫਾਰਸੀ ਦੇ ਇਕ ਹੋਰ ਵਿਦਵਾਨ ਦਾ ਕਥਨ ਹੈ ਕਿ ਇਹ ਸੁਰਾਂ ਉਨ੍ਹਾਂ ਪੱਥਰ ਦੇ ਸੱਤਾਂ ਟੁਕੜਿਆਂ ਵਿਚੋਂ ਨਿਕਲੀਆਂ, ਜਿਸ ਨੂੰ ਰੱਬ ਦੀ ਆਗਿਆ ਅਨੁਸਾਰ ਹਜ਼ਰਤ ਮੂਸਾ ਨੇ ਆਪਣੇ 'ਅਸਾ' (ਡੰਡੇ) ਨਾਲ ਤੋੜਿਆ ਸੀ।

3. ਜੇਮਜ਼ ਲੌਂਗ ਦਾ ਵਿਚਾਰ ਹੈ ਕਿ ਪਹਿਲਾਂ ਮਨੁੱਖ ਨੇ ਬੋਲਣਾਂ ਸਿਖਿਆ, ਫਿਰ ਤੁਰਨਾ ਫਿਰਨਾ ਅਤੇ ਫੇਰ ਸਹਿਜੇ ਹੋਰ ਕੰਮ ਕਾਰ ਸਿੱਖਦਿਆਂ ਉਸ ਦੇ ਅੰਦਰ ਸੁਭਾਵਕ ਹੀ ਸੰਗੀਤ-ਸੁਰ ਉਤਪੰਨ ਹੋਏ।

4. ਪਰੰਤੂ, ਵਿਦਵਾਨ 'ਫਰਾਇਡ' ਇਸ (ਸੰਗੀਤ) ਦੀ ਉਤਪਤੀ ਮਨੋਵਿਗਿਆਨਕ ਆਧਾਰ ਉਤੇ ਹੋਈ ਮੰਨਦਾ ਹੈ। ਉਹ ਲਿਖਦਾ ਹੈ ਕਿ :-

"ਜਿਸ ਤਰ੍ਹਾਂ ਇਕ ਬੱਚਾ ਰੋਣਾ, ਚੀਕਣਾ, ਹੱਸਣਾ ਆਦਿ ਮਨੋ-ਵਿਗਿਆਨਕ ਲੋੜਾਂ ਸੁਤੇ ਹੀ ਸਿੱਖ ਜਾਂਦਾ ਹੈ, ਓਸੇ ਤਰ੍ਹਾਂ ਸੰਗੀਤ ਦੀ ਉਤਪਤੀ ਵੀ ਮਨੁੱਖ ਵਿਚ ਮਨੋ-ਵਿਗਿਆਨਕ ਆਧਾਰ ਉਤੇ ਆਪਣੇ ਆਪ ਹੀ ਹੋਈ ਹੈ।

**ਸਿੱਟਾ :**

ਉਪਰੋਕਤ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਭਾਂਵੇਂ ਸੰਗੀਤ ਦੀ ਉਤਪਤੀ ਬਾਰੇ ਭਿੰਨ ਭਿੰਨ ਰਾਵਾਂ ਹਨ; ਪ੍ਰੰਤੂ, ਇਸ ਹਕੀਕਤ ਤੋਂ ਕੋਈ ਇਨਕਾਰ ਨਹੀਂ ਕਰਦਾ ਕਿ ਇਹ ਕਲਾ ਸ੍ਰਿਸ਼ਟੀ-ਰਚਨਾ ਦੇ ਨਾਲ ਹੀ ਹੋਂਦ ਵਿਚ ਆਈ।

**ਕੀਰਤਨ :**

ਭਾਵੇਂ, ਸੰਸਾਰ ਦੇ ਮਤ-ਮਤਾਂਤਰਾਂ ਅਤੇ ਅਧਿਆਤਮਕ ਚਿੰਤਕਾਂ ਨੇ ਸੰਗੀਤ ਨੂੰ ਵੱਡਾ ਮਰਤਬਾ ਦਿੱਤਾ ਹੈ; ਪ੍ਰੰਤੂ, ਜੋ ਉੱਚ ਅਸਥਾਨ ਇਸ ਨੂੰ ਗੁਰਬਾਣੀ-ਕੀਰਤਨ ਦੇ ਰੂਪ ਵਿਚ ਪ੍ਰਾਪਤ ਹੋਇਆ, ਉਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

**ਵਿਚਾਰ :**

ਕੀਰਤੀ (ਸੰ: ਕੀਰਤਿ) ਹਨ – ਜੱਸ, ਵਡਿਆਈ ਤੇ ਨੇਕ ਨਾਮੀ ਜਿਵੇਂ :

"ਜੈ ਘਰਿ ਕੀਰਤਿ ਆਖੀਐ....॥"

ਪਰੰਤੂ ਕੀਰਤਨ (ਸੰ:) ਤੋਂ ਭਾਵ ਹੈ--ਕਥਨ ਜਾਂ ਵਿਆਖਿਆਨ। ਗਰਮਤਿ ਵਿਚ ਸਰ, ਲੈਅ ਅਤੇ ਤਾਲ ਨਾਲ ਰਾਗ ਵਿਚ ਗੁਰਬਾਣੀ [illegible] ਕਰਨ ਦਾ ਨਾਮ "ਕੀਰਤਨ" ਹੈ।

ਕੀਰ[illegible] ਸਿਮਰਤ ਰਹਾਉ, ਜਬ ਲਗੁ ਘਟਿ ਸਾਸੁ॥ (ਬਿਲਾਵਲ ਮ: ੫, ਪੰਨਾਂ ੮੧੮)

ਦੂਜੇ ਸ਼ਬਦਾਂ ਵਿਚ, ਰਾਗ ਵਿਚ ਗੁਰਬਾਣੀ ਦੁਆਰਾ ਪ੍ਰਭੂ ਦੇ ਗੁਣ ਗਾਇਨ ਕਰਨ ਨੂੰ "ਕੀਰਤਨ" ਕਿਹਾ ਗਿਆ ਹੈ।

ਗੁਰਮਤਿ ਵਿਚ ਇਸ ਮਨੋਗਿਵਿਆਨਕ ਸਿਧਾਂਤ ਨੂੰ ਪ੍ਰਧਾਨਤਾ ਦਿਤੀ ਗਈ ਹੈ ਕਿ ਜਿਸ ਗੁਣਾਂ ਵਾਲੇ ਵਿਅਕਤੀ (ਗੁਣੀ) ਦੇ ਦਿਲੋਂ ਵਜੋਂ, ਪਰਮੇ, ਸਤਿਕਾਰ ਤੇ ਸਿਦਕ ਨਾਲ ਗੁਣ ਗਾਏ ਜਾਣ, ਉਸ "ਗੁਣੀ" ਦੇ ਗੁਣ, ਗੁਣ ਗਾਉਣ ਵਾਲੇ ਵਿਚ ਅਵੱਸ਼ ਪ੍ਰਵੇਸ਼ ਆ ਕਰਦੇ ਹਨ। ਗੁਰਵਾਕ ਹੈ :

**ਸਦਾ ਅਨੰਦ ਰਹਹਿ ਦਿਨ ਰਾਤੀ, ਗੁਣ ਕਹਿ, "ਗੁਣੀ" ਸਮਾਵਣਿਆ॥** (ਮਹਲਾ ੩, ਪੰਨਾ ੧੨੨)

ਸੋ, ਗੁਰਬਾਣੀ ਨੂੰ ਸੰਗੀਤ ਦੁਆਰਾ ਗਾਇਨ ਕਰਨ ਦਾ ਨਾਮ ਕੀਰਤਨ ਹੈ ਅਤੇ ਪ੍ਰਭੂ ਦੇ ਜੱਸ ਨੂੰ ਗਾਇਨ ਕਰਨਾ "ਕੀਰਤਨ ਭਗਤੀ"। ਪੰਜਵੇਂ ਗੁਰਦੇਵ ਜੀ ਦਾ ਇਹ ਫੁਰਮਾਨ ਇਸ ਨੁਕਤੇ ਨੂੰ ਇਉਂ ਸਪੱਸ਼ਟ ਕਰਦਾ ਹੈ:

**ਕੀਰਤਿ ਪ੍ਰਭ ਕੀ, ਗਾਉ ਮੇਰੀ ਰਸਨਾ।**

(ਮ: ੫, ਪੰਨਾ ੧੨੯)

(ਹੇ ਮੇਰੀ ਰਸਨਾ, ਪ੍ਰਭੂ ਦਾ ਜਸ ਗਾਇਨ ਕਰ।)

ਪ੍ਰਭੂ ਦੇ ਗੁਣ ਗਾਉਣ ਨਾਲ ਅਥਵਾ ਉਸ ਗੁਣੀ ਵਾਹਿਗੁਰੂ ਦੇ ਗੁਣਾਂ ਦੀ ਸੰਗਤ ਦੁਆਰਾ, ਉਸ ਦੀ ਲਖਤਾ ਹੁੰਦੀ ਹੈ ਅਤੇ ਅਗਿਆਨਤਾ ਦਾ ਵਿਨਾਸ਼ ਹੁੰਦਾ ਹੈ। ਏਸੇ ਲਈ ਗੁਰਬਾਣੀ ਵਿਚ ਸੁਰਤ ਦੇ ਟਿਕਾਅ ਤੇ ਪ੍ਰਭੂ ਦੀ ਰਹੱਸਮਈ ਭਗਤੀ ਲਈ ਅੱਨ ਸਾਧਨਾ ਦੀ ਥਾਂ, ਕੀਰਤਨ ਦੇ ਮਾਰਗ ਨੂੰ ਅਪਣਾਇਆ ਗਿਆ ਹੈ। ਵੇਖੋ, ਵਾਹਿਗੁਰੂ ਦੇ ਸਤਿ ਸਰੂਪ ਵਿਚ ਸਮਾਉਣ ਤੇ ਜਨਮ ਮਰਨ ਦੇ ਗੇੜ ਮਿਟਾਉਣ ਲਈ, ਗੁਰਦੇਵ, ਪ੍ਰਭੂ ਦੇ ਗੁਣ ਗਾਉਣ ਨੂੰ ਕਿੰਨਾ ਉੱਚਾ ਦਰਜਾ ਦਿੰਦੇ ਤੇ ਇਸ ਨੂੰ ਸੱਚ ਦੀ ਪ੍ਰਾਪਤੀ ਦਾ ਕਿੱਡਾ ਵੱਡਾ ਵਸੀਲਾ ਮੰਨਦੀ ਹਨ :

**ਤੇਰੇ ਗੁਣ ਗਾਵਾਂ, ਦੇਹਿ ਬੁਝਾਈ॥ ਜੈਸੇ ਸਚ ਮਹਿ ਰਹਉ ਰਜਾਈ॥** (ਬਿਲਾਵਲ ਮ: ੧, ਪੰਨਾ ੭੯੫)

**ਗੁਣ ਗਾਵਤ ਤੇਰੀ ਉਤਰਸਿ ਮੈਲੁ॥**
**ਬਿਨਸਿ ਜਾਇ ਹਉਮੈ ਬਿਖੁ ਫੈਲੁ ॥**

(ਸੁਖਮਨੀ, ਅਸਟਪਦੀ – ੧੯)

**ਰਸਨਾ ਗੁਣ ਗੋਪਾਲ ਨਿਧਿ ਗਾਇਣ ॥**

(ਟੋਡੀ ਮ:੫, ਪੰਨਾ ੭੧੩)

**ਸਿਫਤਿ ਗੀਦ ਪਵੈ ਦਰਬਾਰਿ ॥**(ਮ: ੧, ਪੰਨਾ ੧੪੩)

**ਹਰਿ ਦਿਨੁ ਰੈਣਿ ਕੀਰਤਨੁ ਗਾਈਐ ॥**
**ਬਹੁੜਿ ਨ ਜੋਨੀ ਪਾਈਐ ॥**

(ਸੋਰਠਿ ਮ: ੫, ਪੰਨਾ ੬੨੪)

ਬਿਨੁ ਉਪਮਾ ਜਗਦੀਸ ਕੀ, ਬਿਨਸੈ ਨ ਅੰਧਿਆਰੁ॥ (ਮ: ੧, ਪੰਨਾ ੨੨੮)

ਗਾਉ ਗਾਉ ਰੀ ਦੁਲਹਨੀ, ਮੰਗਲਚਾਰਾ ॥

(ਕਬੀਰ, ਪੰਨਾ ੪੮੨)

ਨਾਨਕ ਹਰਿ ਗੁਣ ਗਾਇ, ਅਲਖੁ ਪ੍ਰਭ ਲਾਖੀਐ॥

(ਮ: ੪, ਪੰਨਾ ੯੧)

ਭਾਈ ਗੁਰਦਾਸ ਜੀ ਸਤਿਗੁਰ ਨਾਨਕ ਦੇਵ ਜੀ ਦੇ ਆਗਮਨ ਨਾਲ ਵਾਪਰੀ ਤਬਦੀਲੀ ਦਾ ਜ਼ਿਕਰ ਕਰਦੇ ਹੋਏ ਫੁਰਮਾਉਂਦੇ ਹਨ :

ਘਰ ਘਰ ਅੰਦਰਿ ਧਰਮਸਾਲ, ਹੋਵੈ ਕੀਰਤਨ ਸਦਾ ਵਿਸੋਆ॥ (ਵਾਰ ੧)

ਪ੍ਰਭੂ ਦੇ ਇਉਂ ਗੁਣ ਗਾਉਣ ਅਥਵਾ ਕੀਰਤਨ ਕਰਨ ਦੀ ਅਪਾਰ ਮਹਿਮਾ ਨੂੰ ਸਤਿਗੁਰਾਂ ਨੇ ਹੋਰ, ਇਉਂ ਅਲਾਪਿਆ ਹੈ :

(ੳ) ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥

(ਮਾਰੂ ਮ: ੫, ਪੰਨਾ ੧੦੭੫)

(ਅ) ਤਹਾਂ ਬੈਕੁੰਠ ਜਹ ਕੀਰਤਨੁ ਤੇਰਾ,
ਤੂ ਆਪੇ ਸਰਧਾ ਲਾਇਹਿ ॥

(ਸੂਹੀ ਮ: ੫, ਪੰਨਾ ੭੪੯)

(ੲ) ਕੀਰਤਨੁ ਨਿਰਮੋਲਕ ਹੀਰਾ॥
ਆਨੰਦ ਗੁਣੀ ਗਹੀਰਾ ॥

(ਰਾਮਕਲੀ ਮ: ੫, ਪੰਨਾ ੮੯੩)

(ਸ) ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ,
ਨਿਮਖ ਸਿਮਰਤ ਜਿਤੁ ਛੂਟੇ ॥

(ਸੂਹੀ ਮ: ੫, ਪੰਨਾ ੭੪੭)

(ਹ) ਜਹ ਕੀਰਤਨੁ ਤੇਰਾ ਸਾਧੂ ਗਾਵਹਿ,
ਤਹ ਮੇਰਾ ਮਨੁ ਲਾਗੇ ॥ (ਸੋਰਠਿ ਮ: ੫, ਪੰਨਾ ੬੧੦)

(ਕ) ਤਹ (ਸੱਚ ਖੰਡ ਵਿਖੇ) ਸਦਾ ਅਨੰਦ ਅਨਹਤ ਅਖਾਰੇ ॥
ਭਗਤ ਵਸਹਿ ਕੀਰਤਨ ਆਧਾਰੇ ॥

(ਗਉੜੀ ਮ: ੫, ਪੰਨਾ ੨੩੭)

(ਖ) ਜਹ ਸਾਧੂ, ਗੋਬਿੰਦ ਭਜਨੁ, ਕੀਰਤਨੁ ਨਾਨਕ ਨੀਤ ॥
ਣਾ ਹਉ, ਣਾ ਤੂੰ, ਣਹ ਛੁਟਹਿ, ਨਿਕਟਿ ਨ ਜਾਈਅਹੁ ਦੂਤ॥

(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬)

(ਗ) ਤੇਰੋ ਸੇਵਕ ਹਿ ਰੰਗ ਮਾਤਾ
ਭਇਓ ਕ੍ਰਿਪਾਲ ਦੀਨ ਦੁਖ ਭੰਜਨ,
ਹਰਿ ਹਰਿ ਕੀਰਤਨੁ ਇਹ ਮਨੁ ਰਾਤਾ ॥

(ਮ: ੫, ਪੰਨਾ ੬੪੨)

(ਘ) ਸਾਧ ਸੰਗ ਹਰਿ ਕੀਰਤਨ ਗਾਈਐ।
ਇਹੁ ਅਸਥਾਨ ਗੁਰੂ ਤੇ ਪਾਈਐ ॥

(ਆਸਾ ਮ: ੫, ਪੰਨਾ ੩੫੮)

(ਙ) ਜੋ ਮਨੁ ਕਰੈ ਕੀਰਤਨੁ ਗੋਪਾਲ ॥
ਤਿਸ ਕਉ ਪੋਹਿ ਨਾ ਸਕੈ ਜਮਕਾਲੁ ॥

(ਗੋਂਡ ਮ: ੫, ਪੰਨਾ ੮੬੭)

(ਚ) ਅਸੁਮੇਧ ਜਗਨੇ। ਤੁਲਾ ਪੁਰਖ ਦਾਨੇ॥ ਪ੍ਰਾਗ ਇਸਨਾਨੇ ॥ ੧॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ॥

(ਨਾਮਦੇਵ ਜੀ ਪੰਨਾ ੮੭੩)

ਪੰਜਵੇਂ ਗੁਰੂ ਅਰਜਨ ਦੇਵ ਜੀ ਨਿਹਚਲ ਰਹਿਣ ਵਾਲੇ ਪਦਾਰਥਾਂ ਦਾ ਜ਼ਿਕਰ ਕਰਦੇ ਹਨ ਤਾਂ "ਹਰੀ ਕੀਰਤਨ" ਨੂੰ ਵੀ ਉਨ੍ਹਾਂ ਵਿਚ ਸਮਾਨ ਨਿਹਚਲ ਅਸਥਾਨ ਦਿੰਦੇ ਹਨ :

ਨਿਹਚਲ ਏਕ ਨਰਾਇਣੋ, ਹਰਿ ਅਗਮ ਅਗਾਧਾ॥

ਨਿਹਚਲੁ ਨਾਮ ਨਿਧਾਨੁ ਹੈ, ਜਿਸੁ ਸਿਮਰਤ ਹਰਿ ਲਾਧਾ॥

ਨਿਹਚਲੁ ਕੀਰਤਨੁ ਗੁਣ ਗੋਬਿੰਦ, ਗੁਰਮੁਖਿ ਗਵਾਧਾ॥

(ਪੰਨਾ ੧੧੦੧)

'ਭਗਤ ਰਤਨਾਵਲੀ', ਟੀਕਾ ਪਉੜੀ ਪੰਦਰ੍ਹਵੀਂ ਵਿਚ ਕਥਾ ਤੇ ਕੀਰਤਨ ਦਾ ਸਬੰਧ ਤੇ ਮਹਿਮਾ ਇਉਂ ਬਿਆਨ ਕੀਤੇ ਗਏ ਹਨ :

ਝਾਬੂ ਮੁਕੰਦੂ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ, "ਗਰੀਬ ਨਿਵਾਜ, ਅਸਾਡਾ ਉਧਾਰ ਕਿਉਂਕਰ ਹੋਵੈ"? ਤਾਂ ਬਚਨ ਹੋਇਆ, "ਤੁਸਾਂ ਨੂੰ ਰਾਗਾਂ ਦੀ ਸਮਝ ਹੈ ਤੇ ਕਲਯੁੱਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਂਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ।" ਤਾਂ ਉਹਨ੍ਹਾਂ ਅਰਦਾਸ ਕੀਤੀ, "ਜੀ ਬਾਣੀ ਦੇ ਪਾਠ ਦਾ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ।"

ਬਚਨ ਹੋਇਆ, "ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾ ਲਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਜੇ ਦੂਜੇ ਖੂਹ ਦੀ ਪੈਲੀ ਨਜ਼ਦੀਕ

ਤਾਂ ਉਸ ਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ, ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ, ਤੇ ਕਥਾ ਦਾ ਫਲ ਇਹ ਹੈ ਜੋ ਮੇਘ ਠਹਿਰਿਆ ਹੋਇਆ ਨਿਰਵਾਤ (ਹਵਾ ਤੋਂ ਬਿਨਾਂ) ਝਿੰਮ ਝਿੰਮ ਬਰਖਾ ਕਰਦਾ ਹੈ। ਅੱਗੇ ਪਲੀਆਂ ਗਹੀਆਂ, ਸੁਧਰੀਆਂ ਹੋਵਨ, ਜੋ ਜੋ ਬੂੰਦ ਪਵੇ। ਵਿਚ ਧਰਤ ਦੇ ਸਮਾਵਦੀ ਜਾਵੇ। ਤੈਸਾ ਜੋ ਸਮਝਵਾਨ ਸਿੱਖ ਹੁੰਦੇ ਹਨ, ਜੋ ਜੋ ਕਥਾ ਕੀਰਤਨ ਕਰਦੇ ਹਨ ਤੇ ਵਿਚਾਰਦੇ ਹਨ ਤੇ ਵਾਰਤਾ ਸੁਣਦੇ ਹਨ, ਸੋ ਸੋ ਰਿਦੇ ਵਿਚ ਧਾਰਦੇ ਜਾਂਦੇ ਹਨ ਉਨ੍ਹਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ, ਕਥਾ ਕੀਰਤਨ ਦੇ ਮਹਾਤਮ ਨੂੰ ਲਖਾਵਾਂਦੀ ਹੈ ਤੇ ਕੀਰਤਨ ਮਨ ਵਿਖੇ ਰਾਗ ਹਰਖ ਉਤਪੰਨ ਕਰਦਾ ਹੈ। ਜੈਸੇ ਮਾਤਾ, ਪੁੱਤ੍ਰਾਂ ਕਰਕੇ ਸੋਭਦੀ ਹੈ। ਕਥਾ ਮਾਤਾ ਹੈ ਤੇ ਕੀਰਤਨ ਪੁੱਤ ਹੈ?"

ਸਿੱਖਾਂ ਅਰਦਾਸ ਕੀਤੀ ਇਸ ਦਾ ਪਿਤਾ ਕੌਣ ਹੈ? ਬਚਨ ਹੋਇਆ "ਪ੍ਰੇਮ ਕਥਾ ਦਾ ਭਰਤਾ, ਪ੍ਰੇਮ ਕਰਕੇ ਦੋਵੇਂ ਸ਼ੋਭਾ ਪਾਂਵਦੇ ਹਨ।"*

ਤਾਂ ਉਹ ਸਦਾ ਨਿਹਕਾਮ ਹੋ ਕੇ ਹਜ਼ੂਰ ਕੀਰਤਨ ਕਰਨ ਤੇ ਸਰੀਰ ਨਿਰਵਾਹ ਅਨੁਸਾਰ ਕੋਈ ਸਿੱਖ ਸ਼ਰਧਾ ਸੰਯੁਕਤ ਸੇਵਾ ਕਰੇ ਤਾਂ ਉਸੇ ਥੀਂ ਗੁਜ਼ਾਰਾ ਕਰਨ।" *(ਭਗਤ ਰਤਨਾਵਲੀ)*

ਉਪਰੋਕਤ ਸਾਖੀ ਜਿਥੇ ਕੀਰਤਨ ਦਾ ਉੱਚ ਅਸਥਾਨ ਤੇ ਮਹੱਤਤਾ ਦਰਸਾਉਂਦੀ ਹੈ, ਉਥੇ ਇਹ ਹਕੀਕਤ ਵੀ ਰੋਸ਼ਨ ਕਰਦੀ ਹੈ ਕਿ ਕਥਾ ਤੇ ਕੀਰਤਨ ਦਾ ਆਪਸ ਵਿਚ ਕਿਤਨਾ ਨੇੜ ਹੈ ਅਤੇ ਇਹ ਦੋਵੇਂ ਇਕ ਦੂਜੇ ਲਈ ਕਿਤਨੇ ਜ਼ਰੂਰੀ ਤੇ ਸਹਾਇਕ ਹਨ। ਕਥਾ ਦੀ ਕੀਰਤਨ ਨਾਲ ਸਾਂਝ ਤੇ ਮਹਿਮਾ ਨੂੰ ਭਲੀ ਭਾਂਤ ਸਮਝਣ ਤੇ ਦ੍ਰਿੜ ਕਰਨ ਲਈ ਗੁਰਬਾਣੀ ਦੇ ਇਹ ਕੁਝ ਕੁ ਪ੍ਰਮਾਣ ਨਿਸਚੇ ਲਾਭਦਾਇਕ ਤੇ ਗੁਣਕਾਰੀ ਸਿੱਧ ਹੋਣਗੇ:

(੧) **ਗੁਣ ਗਾਵਤ ਮਨੁ ਹਰਿਆ ਹੋਵੈ।**
**ਕਥਾ ਸੁਣਤੁ ਮਲੁ ਸਗਲੀ ਖੋਵੈ॥** (ਮ:੫, ਪੰਨਾ ੧੦੪)

(੨) **ਜੋ ਹਰਿ ਹਰਿ ਕੀ ਹਰਿ ਕਥਾ ਸੁਣਾਵੈ॥**
**ਸੋ ਜਨ ਹਮਰੇ ਮਨਿ ਚਿਤਿ ਭਾਵੈ ॥**
(ਮ: ੪, ਪੰਨਾ ੧੬੪)

(੩) **ਸਭ ਤੇ ਉਤਮ ਹਰਿ ਕੀ ਕਥਾ॥**
**ਨਾਮ ਸੁਨਤ ਦਰਦ ਦੁਖ ਲਥਾ ॥**
(ਸੁਖਮਨੀ ਪੰਨਾ ੨੬੫)

(੪) **ਕਥੀਐ ਸੰਤ ਸੰਗਿ ਪ੍ਰਭ ਗਿਆਨੁ ॥**

(੫) **ਜੋ ਜੋ ਕਥੈ ਸੁਨੈ ਹਰਿ ਕੀਰਤਨੁ, ਤਾ ਕੀ ਦੁਰਮਤਿ ਨਾਸ ॥** (ਕਾਨੜਾ ਮ: ੫, ਪੰਨਾ ੧੩੦੦)

(੬) **ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥**
**ਕਥਾ ਕੀਰਤਨੁ ਆਨੰਦ ਮੰਗਲ ਧੁਨਿ,**
**ਪੂਰਿ ਰਹੀ ਦਿਨਸੁ ਅਰੁ ਰਾਤਿ॥**
(ਬਿਲਾਵਲ ਮ: ੫, ਪੰਨਾ ੮੨੦)

(੭) **ਧੰਨੁ ਸੁ ਥਾਨੁ ਬਸੰਤ ਧੰਨੁ, ਜਹ ਜਪੀਐ ਨਾਮੁ॥**
**ਕਥਾ ਕੀਰਤਨੁ ਹਰਿ ਅਤਿ ਘਨਾ, ਸੁਖ ਸਹਿਜ ਬਿਸ੍ਰਾਮ॥**
(ਬਿਲਾਵਲ ਮ: ੫, ਪੰਨਾ ੮੧੬)

(੮) **ਕਥਾ ਕੀਰਤਨੁ ਰਾਗ ਨਾਦ ਧੁਨਿ, ਇਹ ਬਨਿਓ ਸੁਆਉ॥**
**ਨਾਨਕ; ਪ੍ਰਭ ਸੁਪ੍ਰਸਨ ਭਏ; ਬਾਂਛਤ ਫਲ ਪਾਉ॥**
(ਬਿਲਾਵਲ ਮ: ੫, ਪੰਨਾ ੮੧੮)

(੯) **ਸਤ ਸੰਤੋਖ ਕਾ ਧਰਹੁ ਧਿਆਨ ॥**
**ਕਥਨੀ ਕਥੀਐ ਬ੍ਰਹਮ ਗਿਆਨ॥**
(ਗਉੜੀ ਕਬੀਰ, ਪੰਨਾ ੩੪੪)

(੧੦) **ਕਥਾ ਕੀਰਤਨੁ ਕਰਿ ਅਤਿ ਘਣਾ,**
**ਸੁਖ ਸਹਿਜ ਬਿਸਰਾਮ ॥** (ਪੰਨਾ ੮੧੬)

ਗੁਰਮਤਿ ਵਿਚ ਪ੍ਰਭੂ-ਕੀਰਤੀ ਨੂੰ ਕਿੱਡਾ ਵੱਡਾ ਤੇ ਉੱਤਮ ਅਸਥਾਨ ਪ੍ਰਾਪਤ ਹੈ ਅਤੇ ਕਿਵੇਂ ਇਸ ਵਿਚ ਹੀ ਸਾਰੇ ਕਰਮ ਧਰਮ ਆ ਜਾਂਦੇ ਹਨ, ਇਹ ਹਕੀਕਤ ਸ੍ਰੀ ਗੁਰੂ ਤੇਗ ਬਹਾਦਰ ਜੀ ਇਉਂ ਸਪੱਸ਼ਟ ਕਰਨ ਦਾ ਉਪਕਾਰ ਕਰਦੇ ਹਨ:

**ਭਏ ਦਿਆਲ ਕ੍ਰਿਪਾਲ ਸੰਤ ਜਨ, ਤਬ ਇਹ ਬਾਤ ਬਤਾਈ॥**
**ਸਰਬ ਧਰਮ ਮਾਨੋ ਤਿਹ ਕੀਏ, ਜਿਹ ਪ੍ਰਭੁ ਕੀਰਤਿ ਗਾਈ॥**
(ਪੰਨਾ ੯੦੨)

ਤੀਜੇ ਗੁਰਦੇਵ ਇਉਂ ਕੱਲਜੁੱਗ ਦਾ ਧਰਮ ਪ੍ਰਭੂ-ਕੀਰਤੀ (ਜੱਸ) ਦਸਦੇ ਹਨ:

**ਚਹੁ ਜੁਗਾਂ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ॥**
**ਜਤੁ ਸੰਜਮ ਤੀਰਥ ਓਨਾ ਜੁਗਾਂ ਕਾ ਧਰਮੁ ਹੈ।**
**ਕਲਿ ਮਹਿ ਕੀਰਤਿ ਹਰਿ ਨਾਮਾ ॥**
(ਮ: ੩, ਪੰਨਾ ੭੯੭)

ਇਹੀ ਕਾਰਨ ਹੈ ਕਿ ਸਿਖੀ ਦੀ ਰਮਜ਼ ਨੂੰ ਖੂਬ ਸਮਝਣ ਤੇ

*ਦੇਖੋ: "ਗੁਰਮਤਿ ਮਾਰਤੰਡ", ਪ੍ਰਕਾਸ਼ਕ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਭਾਗ ਪਹਿਲਾ (੧੯੬੨) ਪੰਨਾ ੩੦੦।

ਕਮਾਉਣ ਵਾਲੇ ਭਾਈ ਨੰਦ ਲਾਲ ਜੀ 'ਗੋਇਆ', ਸ੍ਰੀ ਕਲਗੀਧਰ ਪਾਤਸ਼ਾਹ ਦੇ ਚਰਨਾ ਵਿਚ ਜੋਦੜੀ ਤੇ ਅਰਦਾਸ ਕਰਦੇ ਹਨ ਕਿ ਉਹਨ੍ਹਾਂ ਦੀ ਜੀਭ ਉਤੇ, ਵਾਹਿਗੁਰੂ ਦੀ ਸਿਫਤ-ਸਾਲਾਹ ਤੋਂ ਬਿਨ੍ਹਾਂ ਕਦੇ ਕੋਈ ਹੋਰ ਹਰਫ ਸ਼ਬਦ) ਨਾ ਆਵੇ, ਕਿਉਂਕਿ ਉਨ੍ਹਾਂ ਨੇ ਜੀਵਨ ਦਾ ਇਹੀ ਲਾਭ ਸਮਝਿਆ ਤੇ ਪ੍ਰਾਪਤ ਕੀਤਾ ਹੈ :

ਗੈਰ ਹਮਦਿ ਹੱਕ ਨਯਾਇਦ, ਬਰ ਜ਼ਬਾਨਮ, ਹੇਚਗਾਹ।

ਹਾਸਲਿ ਈਂ ਉਮਰ ਰਾ, ਅਖਰ, ਦਿਲਿ 'ਗੋਇਆ' ਗ੍ਰਿਫਤ।

(ਗਜ਼ਲ - ੧੩, ਪੁਤਸਕ 'ਸਾਚੀ ਪ੍ਰੀਤਿ' ਵਿਚੋਂ)

ਤਥਾ-ਹਮਿਦ ਹੱਕ ਗੋ, ਦਿਗਰ ਮਗੋ, ਐ ਜਾਨ॥

ਸਾਹਬਿ ਕਾਲ ਬਾਸ਼, ਵ ਬੰਦਾਇ ਹਾਲ॥(ਗਜ਼ਲ ੫੩)

(ਭਾਵ-ਵਾਹਿਗੁਰੂ ਦੀ ਸਿਫਤ-ਸਾਲਾਹ ਕਰ ਤੇ ਹੋਰ ਬੋਲ ਨਾ ਬੋਲ।)

(ਉਸ ਦਾ ਹੀ ਕੀਰਤਨੀਆ ਤੇ ਮਸਤਾਨਾ ਬਣਿਆ ਰਹੁ)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਜਿਥੇ ਵਾਹਿਗੁਰੂ ਦੇ ਚਾਕਰਾਂ ਦੇ ਪੈਰਾਂ ਦੀ ਖਾਕ, ਸ਼ਾਇਰ ਤੇ ਪ੍ਰਭੂ-ਦਰ ਦਾ ਕੂਕਰ ਆਦਿ ਅਖਵਾਉਣ ਵਚ ਮਾਣ ਵਡਿਆਈ ਸਮਝਦੇ ਹਨ, ਉਥੇ ਫ਼ਖ਼ਰ ਨਾਲ 'ਖਸਮ ਦਾ ਸ਼ਬਦ ਗਾਉਣ ਵਾਲਾ ਢਾਡੀ ਹੋਣ ਦੀ ਗੱਲ ਵੀ ਕਰਦੇ ਹਨ:

**ਹਉ ਢਾਢੀ ਵੇਕਾਰੁ, ਕਾਰੈ ਲਾਇਆ॥**

**ਰਾਤਿ ਦਿਹੈ ਕੈ ਵਾਰ, ਧੁਰਹੁ ਫੁਰਮਾਇਆ॥**

**ਢਾਢੀ ਸਚੈ ਮਹਿਲ, ਖਸਮਿ ਬੁਲਾਇਆ॥**

**ਸਚੀ ਸਿਫਤਿ ਸਲਾਹ, ਕਪੜਾ ਪਾਇਆ॥**

**ਢਾਢੀ ਕਰੇ ਪਸਾਉ, ਸਬਦੁ ਵਜਾਇਆ ॥**

**ਨਾਨਕ ਸਚੁ ਸਾਲਾਹਿ, ਪੂਰਾ ਪਾਇਆ॥**

(ਮ: ੧, ਪੰਨਾ ੧੫੦)

**ਤਥਾ-ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥**

(ਆਸਾ ਦੀ ਵਾਰ, ਪਉੜੀ - ੯)

ਸਿੱਖੀ ਵਿਚ ਆਪਣੇ ਸਰੂਪ ਦੀ ਲਖਤਾ, ਪ੍ਰਭੂ ਨਾਲ ਇਕਸੁਰਤਾ ਤੇ ਪਰਮਪੱਦ ਦੀ ਪ੍ਰਾਪਤੀ ਲਈ ਸ਼ਬਦ ਤੇ ਸੁਰਤ ਦੇ ਮੇਲ ਉਤੇ ਬੜਾ ਜੋਰ ਦਿਤਾ ਗਿਆ ਹੈ। ਸੁਰਤ ਨੇ ਸ਼ਬਦ ਵਿਚ ਟਿਕਣਾ ਹੈ। ਗੁਰੂ ਜੀ ਨੇ ਸ਼ਬਦ ਨੂੰ ਗੁਰੂ ਤੇ ਸੁਰਤ ਨੂੰ ਚੇਲੇ ਦਾ ਅਸਥਾਨ ਦਿਤਾ ਹੈ। ਚੇਤੇ ਰਹੇ ਕਿ ਰਾਗ ਵਿਚ ਗਾਏ ਸ਼ਬਦ (ਗੁਰਬਾਣੀ) ਵਿਚ ਸੁਰਤ ਦਾ ਟਿਕਾਉ ਹੋਣਾ ਕਿਤੇ ਸਹਿਲ ਤੋਂ ਸੌਖਾ ਹੈ।

**ਸ਼ਬਦੁ ਗੁਰੂ, ਸੁਰਤਿ ਧੁਨਿ ਚੇਲਾ॥**

(ਰਾਮਕਲੀ ਮ: ੧ ਪੰਨਾ ੯੪੩)

**ਤਥ-ਨਾਨਕ, ਵੈਸਾਖ ਪ੍ਰਭੁ ਭਾਵੈ, ਸੁਰਤਿ ਸ਼ਬਦਿ ਮਨੁ ਮਾਨਾ॥** (ਤੁਖਾਰੀ ਮ: ੧, ਪੰਨਾ ੧੧੦੮)

(ਹੇ ਨਾਨਕ ਵੈਸਾਖ ਮਹੀਨੇ ਰਾਹੀਂ ਉਹ ਪ੍ਰਭੁ ਨੂੰ ਪਾਉਂਦਾ ਹੈ। ਜਿਸਦੀ ਸੁਰਤੀ ਸ਼ਬਦ ਵਿਚ ਜੁੜ ਕੇ ਮਨ ਪਤੀਜ ਜਾਂਦਾ ਹੈ।)

ਇਹ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਗ ਵਿਚ ਸੁਰ, ਲੈਅ ਤੇ ਤਾਲ ਦੀ ਬਾਕਾਇਦਗੀ ਕਾਰਨ ਬੜਾ ਬਲ ਹੈ। ਹਰਨ ਦਾ ਘੰਡੇ ਹੇੜੇ ਦੀ ਤੇ ਸੱਪ ਦਾ ਬੀਨ ਦੀ ਆਵਾਜ਼ ਉੱਤੇ ਮਸਤ ਹੋਣਾ ਜਗਤ ਪ੍ਰਸਿੱਧ ਹੈ। ਮਨੋਵਿਗਿਆਨੀਆਂ ਨੇ ਇਥੋਂ ਤਕ ਸਿੱਧ ਕਰ ਵਿਖਾਇਆ ਹੈ ਕਿ ਬਨਸਪਤੀ ਤੱਕ ਵੀ ਰਾਗ ਦਾ ਪ੍ਰਭਾਵ ਕਬੂਲਦੀ ਹੈ। ਤਜਰਬੇ ਦੇ ਤੌਰ ਉਤੇ, ਇਕੋ ਜਿਹੇ ਬੂਟੇ, ਇਕ ਜਿਹੇ ਹਾਲਾਤ ਵਿਚ ਪਾਲੇ ਗਏ: ਪ੍ਰਤੂੰ ਜਿਹਨ੍ਹਾਂ ਨੂੰ ਦਿਨ ਰਾਤ ਬਾਕਾਇਦਾ ਸਮੇਂ ਸਮੇਂ ਦਾ ਰਾਗ ਸੁਣਇਆ ਗਿਆ, ਉਹਨਾਂ ਦੀ ਪ੍ਰਗਤੀ ਦੂਜਿਆਂ ਤੋਂ ਕਿਤੇ ਵੱਧ ਹੋਈ। ਉੱਨਤ ਦੇਸ਼ਾਂ ਵਿਚ ਲਵੇਰੀਆਂ ਨੂੰ ਸੰਗੀਤ ਸੁਣਾ ਕੇ ਉਹਨਾ ਦਾ ਦੁੱਧ ਵਧਾਇਆ ਤੇ ਚੋਇਆ ਜਾਂਦਾ ਹੈ॥ ਸੰਗੀਤ ਨਾਲ ਮਨ ਦਰੱਵਦਾ ਹੈ, ਝੂਮਦਾ ਹੈ, ਰਸ ਤੇ ਮਸਤੀ ਵਿਚ ਆਉਣਾ ਹੈ, ਜੁੜਦਾ ਹੈ। ਪਿਘਲੇ ਹੋਏ ਮਨ ਉੱਤੇ, ਗਾਏ ਜਾ ਰਹੇ ਚੰਗੇ ਜਾਂ ਮੰਦੇ ਵਿਚਾਰਾਂ ਭਰੇ ਬੋਲਾਂ ਦ ਡੂੰਘਾ ਪ੍ਰਭਾਵ ਪੈਂਦਾ ਹੈ।

ਕੁਝ ਅਜਿਹੀਆਂ ਭਾਵਨਾਵਾਂ ਦੇ ਅਧੀਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਦੇ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਸ਼ੁਭ ਤੇ ਪ੍ਰਭੂ-ਵਿਚਾਰਾਂ ਨੂੰ ਧੁਰ ਅੰਦਰ ਵਸਾਉਣ ਦਾ ਸਾਧਨ ਉਸ ਸਮੇ 'ਬਣਾਇਆ, ਜਦੋਂ ਦੇਸ਼ ਦੇ ਰਾਜ-ਧਰਮ, ਇਸਲਾਮ, ਵਿਚ ਇਸ ਦੀ ਸਖਤ ਮਨਾਹੀ ਸੀ, ਚੂੰਕਿ, ਇਸਲਾਮੀ ਸ਼ਰ੍ਹਾ ਅਨੁਸਾਰ ਲਾਈ ਗਈ ਅਜਿਹੀ ਪਾਬੰਦੀ ਮਨੁੱਖੀ ਰੁਚੀਆਂ ਦੇ ਪ੍ਰਤਿਕੂਲ ਤੇ ਗੈਰ ਕੁਦਰਤੀ ਸੀ, ਇਸ ਲਈ ਓਥੇ ਵੀ ਇਹ ਤਾਕੀਦ ਕਰਨੀ ਪਈ ਕਿ ਬਾਂਗ ਸਦਾ ਖੁਸ਼ ਗੁਲੂ (ਮਿੱਠੇ ਤੇ ਸੋਜ਼ ਭਰੇ ਗਲੇ ਵਾਲਾ) ਬਾਂਗੀ ਦੇਵੇ। ਸੂਫੀ ਮੁਸਲਮਾਨਾਂ ਨੇ ਤਾਂ ਕਵਾਲੀ ਤੇ ਸਮਾਅ ਦੀ ਮਹਿਫਲ ਨੂੰ ਆਲਮਿ-ਤਹੱਯਰ (ਵਿਸਮਾਦ ਦੀ ਅਵਸਥਾ) ਵਿਚ ਗੁਆਚ ਜਾਣ ਦਾ ਵੱਡਾ ਵਸੀਲਾ ਮੰਨਿਆ ਤੇ ਅਪਣਾਇਆ ਹੈ।

ਸੰਸਾਰ ਦੇ ਸਮੂਹ ਮੱਤਾਂ ਵਿਚੋਂ ਕੇਵਲ ਸਿੱਖ ਮੱਤ ਹੀ ਇਕ ਅਜਿਹਾ ਧਰਮ ਹੈ ਜੋ ਵਿਸ਼ੇਸ਼ ਕਰਕੇ, ਨਾ ਕੇਲਵ ਸ਼ਬਦ ਨੂੰ ਗੁਰੂ ਮੰਨਦਾ ਤੇ ਪੂਜਦਾ ਹੈ, ਸਗੋਂ ਐਸੇ ਸਰਵੋਤਮ ਸਾਂਝੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਾਸ਼ਕ ਹੈ, ਜਿਸ ਦਾ ਪਵਿੱਤਰ ਕਲਾਮ (ਬਾਣੀ) ੩੧ ਰਾਗਾਂ ਵਿਚ ਅੰਕਿਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਬਾਬ ਅਪਣਾਈ ਅਤੇ ਮਰਦਾਨੇ ਨੂੰ ਕੀਰਤਨ ਸਿਖਾਇਆ; ਜਿਥੇ

ਗਏ, ਕੀਰਤਨ ਦੇ ਬਨ ਨਾਲ ਸਭ ਨੂੰ ਨਿਵਾਇਆ ਤੇ ਰੱਬ ਦੇ ਲੜ ਲਾਇਆ*।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਰੰਦਾ ਸਾਜ਼ ਤੋਰਿਆ ਪ੍ਰਤੂੰ, "ਕਾਨੂੰਨ ਮੋਸੀਕੀ" ਦੇ ਕਰਤਾ ਨੇ ਪੰਨਾਂ ੩੦੬ ਉਤੇ ਲਿਖਿਆ ਹੈ ਕਿ - "ਸੁਰੰਦਾ ਈਜਾਦ ਕੀਆ ਹੂਆ ਗੁਰੂ ਅਮਰਦਾਸ ਜੀ ਕੀ ਹੈ।" ਤਾਊਸ ਭਾਈ ਕਾਨ੍ਹ ਸਿੰਘ ਜੀ ਰਾਗੀ ਪਟਿਆਲੇ ਵਾਲਿਆਂ ਨੇ ਈਜਾਦ ਤੇ ਪ੍ਰਚਲਤ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਵਿਸ਼ੇਸ਼ ਕਰਕੇ, ਸਿੱਖਾਂ ਨੂੰ ਸੰਗੀਤ ਵਿਦਿਆ ਤਥਾ ਕੀਰਤਨ ਵਿਚ ਪਰਬੀਨ ਕੀਤਾ ਅਤੇ ਮਨੋਹਰ ਧੁਨਾਂ ਰੱਚੀਆਂ। ਸ੍ਰੀ ਦਰਬਾਰ ਸਾਹਿਬ ਵਿਖੇ ਚਾਰ ਚੌਕੀਆਂ ਦੀ ਮਰਯਾਦਾ ਵੀ ਆਪ ਨੇ ਹੀ ਸਥਾਪਤ ਕੀਤੀ, ਜੋ ਅੱਜ ਤੱਕ ਜਾਰੀ ਹੈ।

ਗਿਆਨ ਰਤਨਾਵਲੀ ਦੇ ਕਰਤਾ ਭਾਈ ਮਨੀ ਸਿੰਘ ਜੀ ਲਿਖਦੇ ਹਨ :

"ਕਰਤਾਰਪੁਰ ਵਿਚ ਪਿਛਲੀ ਰਾਤਿ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਗਾਵੀਏ, ਸਵਾ ਪਹਿਰ ਦਿਨ ਚੜ੍ਹਿਆ ਤੀਕਰ ਬਾਣੀ ਚਰਚਾ ਹੋਵੇ, ਤੀਸਰੇ ਪਹਿਰ ਕੀਰਤਨ ਕਰੀਏ; ਸੰਧਿਆਂ ਨੂੰ ਰਹਿਰਾਸ ਪੜ੍ਹੀਏ, ਫੇਰ ਪਹਿਰ ਰਾਤ ਗਈ ਸੋਹਲਾ ਪੜੀਏ।"**

ਭਾਈ ਗੁਰਦਾਸ ਜੀ ਦਾ ਕਥਨ ਹੈ:

**ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ॥**
(ਵਾਰ ੧, ਪਉੜੀ ੩੮) ਸਿੱਧ ਹੁੰਦਾ ਹੈ ਕਿ ਸਿੱਖਾਂ ਵਿਚ ਕੀਰਤਨ ਦਾ ਪਰਵਾਹ ਤੇ ਬਾਣੀ ਦੀ ਵਿਚਾਰ ਨਿਤਾਪ੍ਰਤਿ ਮੁੱਢ ਤੋਂ ਚਲਦੀ ਆਈ ਹੈ।

ਜਿਥੇ ਸਤਿਗੁਰਾਂ ਨੇ ਕੀਰਨ ਦੀ ਇਤਨੀ ਉਪਮਾ ਗਾਈ ਹੈ, ਉਥੇ ਗੰਦੇ ਗੀਤਾਂ ਨੂੰ ਰਾਗ ਵਿਚ ਪਾ ਕੇ ਗਾਇਣ ਕਰਨ ਦੀ ਸਖਤ ਮਨਾਹੀ ਵੀ ਕੀਤੀ ਹੈ। ਇਹ ਇਸ ਲਈ ਕਿ ਇਹਨਾਂ ਨਾਲ ਰਜੋ, ਸਤੋ ਤੇ ਤਮੋ ਗੁਣ ਪੈਦਾ ਹੁੰਦੇ ਹਨ ਤੇ ਮਨੁੱਖ ਦਾ ਜੀਵਨ ਨਾਸ਼ ਕਰਦੇ ਹਨ। ਉਹ ਹਰੀ ਤੋਂ ਦੂਰ ਹੋ ਜਾਂਦਾ ਹੈ। ਅਰਸ਼ਾਦ ਹੈ :

**ਗੀਤ, ਰਾਗਠ ਘਨ ਤਾਲਿ ਸਿ ਕੂਰੇ॥**

**ਤ੍ਰਿਹ ਗੁਣ ਉਪਜੈ।, ਬਿਨਸੈ ਦੂਰੇ॥**

(ਮ: ੧, ਪੰਨਾ ੮੩੨)

ਇਸ ਸੰਬੰਧ ਵਿਚ ਪੰਜਵੇਂ ਗੁਰਦੇਵ ਜੀ ਦੀ ਵਾਹਿਗੁਰੂ ਅੱਗੇ ਕੀਤੀ ਇਹ ਜੋਦੜੀ ਵਾਚਣ, ਵਿਚਾਰਨ ਤੇ ਧੁਰ ਅੰਦਰ ਵਸਾਉਣ ਯੋਗ ਹਨ:

**ਮੇਰੋ ਮੋਹਨ। ਸ੍ਵਨੀ ਇਹ ਨ ਸੁਨਾਏ॥**

**ਸਾਕਤ ਗੀਤ, ਨਾਦਿ ਧੁਨਿ ਗਾਵਤਿ, ਬੋਲਤ ਬੋਲ ਅਜਾਏ॥** (ਪੰਨਾ ੮੨੦)

ਕੀਰਤਨ ਨੂੰ ਸਹੀ ਅਰਥਾਂ ਵਿਚ ਸਫਲ ਅਥਵਾ ਫਲਪਰਦਾਤਾ ਬਨਾਉਣ ਲਈ ਜਰੂਰੀ ਹੈ ਕਿ :

੧. ਗੁਰਮਤਿ ਸੰਗੀਤ ਵਿਚ ਕੀਰਤਨੀਏ ਸਿੰਘ 'ਡੰਡਓਤ ਬੰਦਨ' ਅਤੇ ਅਨੰਦ-ਗੁਣ-ਨਿਧਾਨ ਅਲਾਪਣ', ਹੋਰ ਮੱਤਾਂ ਵਾਂਗ ਨਿਰੇ ਅਲਾਪ ਤੋਂ ਹੀ ਕੀਰਤਨ ਆਰੰਭ ਨਾ ਕਰਨ। ਰਾਗੀ ਸਿੰਘਾਂ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਵੀ ਜਰੂਰੀ ਹੈ ਕਿ ਗੁਰਮਤਿ ਦੇ ਸੱਤਾਂ ਅਧਿਆਵਾਂ ਵਿਚੋਂ ਛੇ ਪ੍ਰਵਾਨ ਹਨ; ਪ੍ਰਤੂੰ, ਸੱਤਵਾਂ, 'ਨ੍ਰਿਤ' ਦਾ ਅਧਿਆਏ ਪ੍ਰਵਾਨ ਨਹੀਂ। ਇਹ ਪ੍ਰਵਾਣਤ ਛੇ ਅਧਿਆਏ ਹਨ:

ਸੁਰ; ਰਾਗ; ਬਾਦੇ; ਪ੍ਰਬੰਧ; ਪ੍ਰੀਕਰਨ, ਤੇ ਤਾਲ॥

੨. ਕੀਰਤਨ ਗਾਇਨ ਕਰਨ ਵਾਲੇ ਸੱਜਣਾਂ ਨੇ ਇਹ ਗੱਲ ਵੀ ਚੇਤੇ ਰੱਖਣੀ ਹੈ ਕਿ ਗੁਰਦੁਆਰਿਆਂ, ਤਖਤ ਸਾਹਿਬਾਂ ਤੇ ਦੀਵਾਨਾਂ ਵਿਚ ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਉਥੇ ਹੇਠ ਲਿਖੀਆਂ ਬਾਣੀਆਂ ਦਾ ਕੀਰਤਨ ਕਰਨਾ ਹੈ ਅਤੇ ਇਨ੍ਹਾਂ ਵਿਚੋਂ ਹੀ ਪ੍ਰਮਾਣ ਦੇਣੇ ਹਨ :

(੧) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

(੨) ਸ੍ਰੀ ਦਸਮੇਸ਼ ਜੀ ਦੀ ਬਾਣੀ।

(੩) ਭਾਈ ਗੁਰਦਾਸ ਜੀ ਦੀ ਬਾਣੀ।

(੪) ਭਾਈ ਨੰਦ ਲਾਲ ਜੀ ਦੀ ਬਾਣੀ।

੩. ਕੀਰਤਨੀਏ ਸਿੰਘ ਆਪ ਰਹਿਣੀ ਬਹਿਣੀ ਦੇ ਪੂਰੇ ਕਰਣੀ ਦੇ ਸੂਰੇ ਤੇ ਮਨ ਬਚਨ ਤੇ ਕਰਮ ਕਰਕੇ ਬਾਣੀ ਦੇ ਸ਼ਰਧਾਲੂ, ਸਿਦਕੀ ਤੇ ਰਸੀਏ ਹੋਣ।

੪. ਕੀਰਤਨ ਕਰਨ ਸਮੇਂ ਉਹਨ੍ਹਾਂ ਵਲੋਂ ਕਿਸੇ ਪ੍ਰਕਾਰ ਦੀ ਚੰਚਲਤਾ ਦਾ ਪ੍ਰਗਟਾਵਾ ਨਾ ਹੋਵੇ। ਉਹ ਆਪ ਕੀਰਤਨ ਅਥਵਾ ਗੁਰਬਾਣੀ ਦੇ ਭਾਵਾਂ ਵਿਚ ਮੁਗਧ ਹੋਣ ਅਤੇ ਸਰੋਤੇ ਨੂੰ ਅਰਸ਼ੀ ਵਾਤਾਵਰਣ ਵਿਚ ਪਹੁੰਚਾ ਸਕਣ ਦੀ ਸਮਰਥ। ਗੁਰਬਾਣੀ ਗਾਇਨ ਕਰਨ ਦੀ ਥਾਂ "ਆ ਆ" ਦੇ ਅਲਾਪ ਵਿਚ ਪੈ ਜਾਣਾ

* ਕਾਨੂੰਨ ਮੋਸੀਕੀ ਸਫਾ ੩੦੯ ਪਰ ਲਿਖਿਆ ਹੈ-ਔਰ ਬਾਜ਼ ਕਾ ਕੌਲ ਹੈ ਕਿ ਯਿਹ ਰਬਾਬ ਈਜਾਦ ਔਰ ਮੁਖਤਰਅ ਕੀਯਾ ਹੂਆ ਗੁਰੂ ਸ਼ਾਹ ਨਾਨਕ ਫਕੀਰ ਕਾ ਹੈ। ਇਸ ਇਲਮ ਮੇਂ ਉਨਕੋ ਨਿਹਾਇਤ ਦਚਲ ਥਾ, ਕਿ ਅਪਨੀ ਜਿੱਦਤ ਤਬਅ ਸੇ ਰਬਾਬ ਈਜਾਦ ਕੀਆ ਥਾ, (ਇਸ ਰਬਾਬ ਬਾਬਤ ਇਹੋ ਲੇਖਕ ਲਿਖਦਾ ਹੈ) ਕਿ ਇਹ ਛੇ ਤਾਰਾ ਹੁੰਦਾ ਹੈ; ਤਾਰ ਰੇਸ਼ਮੀ ਹੁੰਦੇ ਹਨ। ਸ਼ਹਿਰ ਰਾਮਪੁਰ ਦੇ ਵਿਚ ਇਸ ਦੇ ਵੱਜਯੇ ਵੀ ਇਸੇ ਪੋਥੀ ਦੇ ਲੇਖਕ ਦੇ ਦੱਸੇ ਹਨ।

** 'ਗੁਰਮਤਿ ਮਾਰਤੰਡ', ਭਾਗ ਦੂਜਾ (੧੯੬੨) ਪੰਨਾ ੩੦੨

ਕੀਰਤਨ ਦੀ ਮਿਠਾਸ ਨੂੰ ਮਾਰਨਾ ਤੇ ਸ਼ਬਦ ਦੇ ਭਾਵਾਂ ਵਿਚ ਖੁਭੀ ਸੁਰਤ ਨੂੰ ਚੰਚਲਤਾ ਵਿਚ ਲਿਆ ਖੜਾ ਕਰਨ ਤੁਲ ਹੈ। ਇਹ ਗੁਰਬਾਣੀ ਦੀ ਨਿਰਾਦਰੀ ਹੈ।

੫. ਕੀਰਤਨੀਏ ਨੇ ਸਵੈਮਾਨ ਤੇ ਪ੍ਰਤਿਸ਼ਟਾ ਤੋਂ ਉਚੇਰੇ ਉਠਕੇ ਕੀਰਤਨ ਦੀ ਖੁਮਾਰੀ ਵਿਚ ਇਕ ਸੁਰ ਹੋਣਾ ਹੈ। ਹਉਮੈ ਆਸਰੇ ਸ਼ਬਦ-ਗਾਇਨ ਕਰਨ ਨਾਲ ਅੰਤ੍ਰੀਵ ਰਸ-ਗੜੂੰਦ ਨਹੀਂ ਹੋਈਦਾ। ਫੁਰਮਾਨ ਹੈ:

**ਇਕ ਗਾਵਤ ਰਹੇ, ਮਨਿ ਸਾਦੁ ਨ ਪਾਇ॥**

**ਹਉਮੈ ਵਿਚਿ ਗਾਵਹਿ, ਬਿਰਥਾ ਜਾਇ॥**

**ਗਾਵਣ ਗਾਵਹਿ, ਜਿਨ ਨਾਮ ਪਿਆਰੁ॥**

**ਸਾਚੀ ਬਾਣੀ, ਸਬਦ ਵੀਚਾਰੁ॥**

**ਗਾਵਤ ਰਹੈ, ਜੇ ਸਤਿਗੁਰ ਭਾਵੈ।**

**ਮਨੁ ਤਨੁ ਰਾਤਾ, ਨਾਮਿ ਸੋਹਾਵੈ।** (ਮ: ੩, ਪੰ: ੧੫੮)

੬. ਗੁਰਬਾਣੀ-ਉਚਾਰਨ ਸੁੱਧ ਤੇ ਸਪਸ਼ਟ ਹੋਵੇ, ਤਾਂ ਜੋ, ਸੰਗਤ ਗੁਰਬਾਣੀ ਦੇ ਭਾਵਾਂ ਨੂੰ ਸਮਝ ਕੇ ਵਿਚਾਰਕੇ ਮਨ ਵਿਚ ਵਸਾ ਸਕੇ। ਗੁਰਬਾਣੀ ਦੀ ਲਿਖਨ-ਸ਼ੈਲੀ ਤੇ ਵਿਆਕਰਣਕ-ਨੇਮਾਂ ਤੋਂ ਜਾਣੂ ਹੋਏ ਤੋਂ ਬਿਨ੍ਹਾਂ ਗੁਰਬਾਣੀ ਦਾ ਸ਼ੁੱਧ ਉਚਾਰਣ ਅਸੰਭਵ ਹੈ।

੭. ਕੀਰਤਨ ਸਮੇਂ ਸਾਜ਼ਾਂ ਦੀ ਆਵਾਜ਼ ਇਤਨੀ ਮੱਧਮ ਹੋਣੀ ਲੋੜੀਏ ਕਿ ਗੁਰਬਾਣੀ ਨੂੰ ਸਪੱਸ਼ਟ ਤੌਰ ਤੇ ਸੁਣਨ ਅਤੇ ਸਮਝਣ ਵਿਚ ਇਹ ਬਾਧਕ ਨਾ ਬਣੇ। ਸਾਜ਼ ਤਾਂ ਕੀਰਤਨ ਦੇ ਸਾਧਨ ਤੇ ਸਹਾਇਕ ਹਨ, ਮੰਤਵ ਜਾਂ ਮੰਜ਼ਲ ਨਹੀਂ।

੮. ਚੇਤੇ ਰਹੇ ਕਿ "ਕਰਤੇ" (ਵਾਹਿਗੁਰੂ) ਦੇ ਨਿਰਬਾਨ ਕੀਰਤਨ ਵਿਚ ਗੁਰੂ ਬਾਣੀ ਮੁੱਖ ਹੈ ਤੇ ਰਾਗ ਗਾਉਣ। ਇਸ ਲਈ ਰਾਗ ਨੂੰ ਗੁਰਬਾਣੀ ਉਤੇ ਹਾਵੀ ਕਰਨਾ ਕੀਰਤਨ ਦੇ ਆਸ਼ੇ ਨੂੰ ਗਵਾਉਣ ਤੁਲ ਹੈ। ਰਾਗ ਹਮੇਸ਼ਾਂ ਗੁਰਬਾਣੀ ਦੀ ਤਾਬਿਆ ਹੀ ਰਹਿਣਾ ਜੋਗ ਹੈ।

੯. ਕੁਝ ਸਮੇਂ ਤੋਂ ਕੀਰਤਨ ਵਿਚ ਹੋਰ ਸਬੰਧਤ ਪ੍ਰਮਾਣ ਦੇਣ ਦਾ ਰਿਵਾਜ ਪੈ ਗਿਆ ਹੈ। ਕਿਸੇ ਸਮੇਂ, ਹਦ ਬੰਨੇ ਵਿਚ ਦਿਤੇ ਅਜਿਹੇ ਪ੍ਰਮਾਣ ਗੁਰਬਾਣੀ ਦੇ ਭਾਵਾਂ ਨੂੰ ਉਜਾਗਰ ਤੇ ਸਪੱਸ਼ਟ ਕਰਨ ਵਿਚ ਸਹਾਈ ਹੋ ਸਕਦੇ ਹਨ; ਪ੍ਰੰਤੂ ਕਈ ਵੇਰ ਪ੍ਰਮਾਣ ਹੀ ਕੀਰਤਨ ਦੀ ਥਾਂ ਲੈ ਲੈਂਦੇ ਹਨ। ਕੀਰਤਨ ਸਮੇਂ, ਕੀਰਤਨ ਦੀ ਹੀ ਪ੍ਰਧਾਨਤਾ ਹੋਣੀ ਚਾਹੀਦੀ ਹੈ। ਯਤਨ ਕਰਨ ਚਾਹੀਦਾ ਹੈ ਕਿ ਸ਼ਬਦ ਦੀ ਵਿਆਖਿਆ ਹਿੱਤ ਦਿਤੇ ਜਾਣ ਵਾਲੇ ਪ੍ਰਮਾਣ ਵੀ ਕਿਸੇ ਲੈਅ ਤੇ ਸੁਰ ਵਿਚ ਗਾਏ ਜਾਣ, ਤਾਂ ਜੋ ਰਾਗ ਦਾ ਪ੍ਰਭਾਵ ਤੇ ਰਸ ਬਕਾਇਦਾ ਕਾਇਮ ਰਹੇ, ਅਤੇ ਸਰੋਤੇ ਕੀਰਤਨ ਦੇ ਰਸ ਵਿਚ ਬਦਸਤੂਰ ਲੀਨ ਰਹਿ ਸਕਣ।

੧੦. ਕੀਰਤਨ ਵਿਚ ਸੰਖੇਪ, ਸੰਬੰਧਤ ਤੇ ਗੁਰਬਾਣੀ ਦੇ ਮਨੋਰਥ, ਭਾਵਾਂ ਤੇ ਆਸ਼ਿਆਂ ਨੂੰ ਉਘਾੜਨ ਵਾਲੀ ਸੰਖਿਪਤ ਵਿਆਖਿਆ ਕੀਤੀ ਜਾ ਸਕਦੀ ਹੈ। ਪਰ, ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਵਿਆਖਿਆ ਹਰੇਕ ਰਾਗੀ ਸਿੰਘ ... ਵੱਸ ਦੀ ਗੱਲ ਨਹੀਂ। ਇਸ ਲਈ, ਜਦ ਤੱਕ ਕੀਰਤ... ਸੱਜਣ ਵਿਦਵਾਨ, ਗੁਰਬਾਣੀ ਦੇ ਗੂਹੜ ਭਾਵਾਂ ਤੇ ਰਹ... ਜਾਣੂ ਤੇ ਇਸ ਕਲਾ ਵਿਚ ਨਿਪੁੰਨ ਨਾ ਹੋਵੇ, ਵਿਆਖਿ... ਗੁਰੇਜ਼ ਹੀ ਕਰੇ।

੧੧. ਜਿਵੇਂ ਗੁਰੂ ਗੁਰਬਾਣੀ ਦਾ ਸਹਾਇਕ ਹੈ, ਤਿਵੇਂ ਤਾਲ ਲਈ ਤਬਲਾ ਰਾਗ ਦਾ ਮਦਦਗਾਰ ਹੈ। ਪ੍ਰੰਤੂ ਵੇਖਣ ਵਿਚ ਇਸ ਤਰ੍ਹਾਂ ਆਇਆ ਹੈ ਕਿ ਤਬਲਾ ਵਾਦਕ, ਤਬਲਾ ਵਾਦਨ ਦੇ ਜੌਹਰ ਵਿਖਾਉਣ ਲਈ ਦੁਗਣਾ ਤੇ ਤਿਗਣਾਂ ਵਜਾਉਂਦੇ ਅਤੇ ਬਾਰ ਬਾਰ ਤੋੜ ਦੇਂਦੇ ਹਨ। ਜਿਸ ਨਾਲ ਕੀਰਤਨ ਦੁਆਰਾ ਜੁੜੀ ਬਿਰਤੀ ਉਖੜ ਜਾਂਦੀ ਹੈ। ਅਜਿਹਾ ਕਰਨਾ ਉਚਿਤ ਨਹੀਂ।

੧੨. ਵੱਧ ਤੋਂ ਵੱਧ ਯਤਨ ਹੋਣਾ ਚਾਹੀਦਾ ਹੈ ਕਿ ਕੀਰਤਨ ਵਿਚ ਤੰਤੀ ਸਾਜ਼ਾਂ ਦੀ ਹੀ ਵਰਤੋਂ ਹੋਵੇ। ਇਹਨਾਂ ਨਾਲ ਕੀਰਤਨ ਵਿਚ ਮਧੁਰਤਾ ਦਾ ਪਰਵੇਸ਼ ਹੁੰਦਾ ਹੈ।

੧੩. ਕੀਤਰਨੀਏ ਸਿੰਘਾਂ ਨੂੰ ਸ਼ਬਦ ਭੇਟ ਦਾ ਅਰਦਾਸਾ ਇਕੋ ਵੇਰ ਇੱਕਠਾ ਹੀ ਕੀਰਤਨ ਦੀ ਸਮਾਪਤੀ ਉਪਰੰਤ, ਕਰਨਾ ਯੋਗ ਹੈ, ਅਤੇ ਬਿਨ੍ਹਾਂ ਕਿਸੇ ਨਾਮ ਲਏ ਦੇ। "ਸਤੀ ਦੇ, ਸੰਤੋਖੀ ਖਾਏ" ਵਾਲੇ ਅਮੋਲਕ ਸਿਧਾਂਤ ਨੂੰ ਸਦਾ ਕੰਠ ਪਰੋਈ ਰੱਖਣ ਦੀ ਲੋੜ ਹੈ। ਪਰੰਤੂ, ਵੇਖਣ ਵਿਚ ਆਇਆ ਹੈ ਕਿ ਕਈ ਕੀਰਤਨੀਏ ਸੱਜਣ ਕੀਰਤਨ ਨੂੰ ਵਿੱਚ ਛੱਡ ਕੇ ਕਈ ਕਈ ਵਾਰ, ਮਾਇਆ ਭੇਟ ਕਰਨ ਵਾਲਿਆਂ ਦੇ ਨਾਮ ਲੈ ਕੇ ਅਰਦਾਸੇ ਆਰੰਭ ਦੇਂਦੇ ਹਨ। ਅਜਿਹਾ ਕਰਨਾ ਨਾ ਕੇਵਲ ਗੁਰਬਾਣੀ ਅਥਵਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਹੈ, ਸਗੋਂ ਉਨ੍ਹਾਂ ਦਾ ਆਪਣਾ ਅਤੇ ਹਉਮੈ ਗ੍ਰਸਤ ਹੋ ਜਾਣਾ, ਅਰਦਾਸੇ ਕਰਵਾਉਣ ਵਾਲਿਆਂ ਦਾ ਵੀ। ਵਧੀਆ ਗੱਲ ਤਾਂ ਇਹ ਹੈ ਕਿ ਸ਼ਬਦ-ਭੇਟ ਵਾਲੀ ਕੁਲ ਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕ ਨਿਵੇਕਲੀ ਥਾਂ ਜਮ੍ਹਾਂ ਹੁੰਦੀ ਰਹੇ ਅਤੇ ਕੀਰਤਨ ਦੀ ਸਮਾਪਤੀ ਉਪਰੰਤ ਗ੍ਰੰਥੀ ਸਾਹਿਬ (ਜਾਂ ਕੀਰਤਨੀਏ ਸਿੰਘ) ਵਲੋਂ, ਬਿਨ੍ਹਾਂ ਕਿਸੇ ਵੱਖਰਾ ਨਾਮ ਲਏ ਦੇ, ਸਮੂਹਕ ਤੇ ਅਤਿ ਸੰਖੇਪ ਅਰਦਾਸਾ ਕਰਕੇ ਕੀਰਤਨੀਏ ਵੀਰਾਂ ਨੂੰ ਦੇ ਦਿੱਤੀ ਜਾਵੇ।

ਇਸ ਸੰਬੰਧ ਵਿਚ ਸਾਨੂੰ ਚਿਸ਼ਤੀ ਸੰਪ੍ਰਦਾਇ ਦੇ ਸੂਫੀ ਗੱਦੀ-ਨਸ਼ੀਨਾਂ ਦੀ ਰੀਸ ਕਰਨੀ ਬਣਦੀ ਹੈ। ਜਿਨ੍ਹਾਂ ਨੇ ਉਨ੍ਹਾਂ ਦੀਆਂ ਸਮਾਅ (ਵਜਦ ਵਿਚ ਸਿਫਤ ਸਾਲਾਹ ਕਰਨ) ਦੀਆਂ ਮਹਿਫਲਾਂ ਦੇਖੀਆਂ ਹਨ, ਉਹ ਜਾਣਦੇ ਹਨ ਕਿ ਸਿਫ਼ਤ ਸਾਲਾਹ ਕਰਨ ਵਾਲੇ ਕੱਵਾਲਾਂ ਨੂੰ ਮਜਲਸ ਵਿਚ ਬੈਠੇ ਸਰੋਤਿਆਂ ਵਲੋਂ ਜੋ ਭੇਟਾਂ ਆਉਂਦੀ ਹੈ, ਉਹ ਕੱਵਾਲ ਆਪ ਵਸੂਲ ਨਹੀਂ ਕਰਦੇ; ਸਗੋਂ ਇਸ ਮਹਿਫਲ ਉਤੇ ਸਦਾਰਤ (ਪ੍ਰਧਾਨਗੀ) ਕਰ ਰਿਹਾ ਗੱਦੀ-ਨਸ਼ੀਨ ਬੜੇ ਆਦਰ ਤੇ ਸਤਿਕਾਰ ਨਾਲ ਵਸੂਲ

ਕਰਦਾ ਹੈ। ਆਈ ਭੇਟਾ (ਨਜ਼ਰਾਨੇ) ਉਹ ਪਹਿਲਾਂ ਚੁੰਮਦਾ ਤੇ ਮੱਥੇ ਨਾਲ ਲਾਉਂਦੇ ਹੈ, ਤੇ ਫਿਰ ਆਪਣੇ ਕੋਲ ਇਕ ਪਾਸੇ ਰੱਖੀ ਜਾਂਦਾ ਹੈ। ਮਹਿਫਲ ਬਰਖਾਸਤ ਹੋਣ ਉਤੇ ਉਹ ਇੱਕਠੀ ਹੋਈ ਰਕਮ ਕੱਵਾਲਾਂ ਨੂੰ ਭੇਟ ਕਰ ਦੇਂਦਾ ਹੈ। ਕੱਵਾਲ ਆਪਣੀ ਥਾਂ ਇਹ ਰਕਮ ਉਸੇ ਅਦਬ ਅਦਾਬ ਨਾਲ ਵਸੂਲ ਕਰਦੇ ਹਨ। ਨਾ ਕੋਈ ਦੇਣ ਵਾਲੇ ਦਾ ਨਾਂ ਲੈਂਦਾ ਹੈ, ਤੇ ਨਾਲ ਹੀ ਕਿਸੇ ਦੀ ਕਲਿਆਣ ਵਿਚ ਕੁੱਛ ਕਹਿਣ ਦੀ ਲੋੜ ਪੈਂਦੀ ਹੈ। ਜੋ ਕੁਝ ਹੁੰਦਾ ਹੈ, ਕਲਾਮ ਦੇ ਪੂਰੇ ਅਦਬ ਅਦਾਬ ਵਿਚ ਹੁੰਦਾ ਹੈ। ਸਾਨੂੰ ਵੀ ਇਸ ਤਰ੍ਹਾਂ ਦੀ ਸਵੱਛ ਪਰੰਪਰਾ ਅਪਣਾਅ ਲੈਣੀ ਯੋਗ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਮਜਲਸ (ਸੰਗਤ) ਦਾ ਸਤਿਕਾਰ ਕਾਇਮ ਰਹੇਗਾ ਉਥੇ ਵਜਦ (ਵਿਸਮਾਦ) ਵਿਚ ਸਰੋਤਿਆਂ ਦੇ ਆਨੰਦ ਤੇ ਸਰੂਰ ਵਿਚ ਵੀ ਵਿਘਨ ਨਹੀਂ ਪਵੇਗਾ।

੧੪. ਜੇ ਸੰਭਵ ਹੋਵੇ ਤਾਂ ਸ਼ਬਦ ਉਸੇ ਰਾਗ ਤੇ ਤਾਲ ਵਿਚ ਗਾਇਨ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿਚ ਉਸ ਦਾ ਵਿਧਾਨ ਕੀਤਾ ਗਿਆ ਹੈ। ਕਿਸੇ ਸ਼ਬਦ ਦੀ ਕੀਰਤਨ ਅਰੰਭ ਕਰਨ ਤੋਂ ਪਹਿਲਾਂ ਉਸ ਸ਼ਬਦ ਦੇ ਰਚਨਹਾਰ ਦਾ ਨਾਉਂ ਦੱਸ ਕੇ ਸ਼ਬਦ ਦਾ ਪਾਠ, ਸਹਿਤ ਤੁੱਕਾਰਥ, ਕਰ ਦੇਣਾ ਲਾਹੇਵੰਦ ਰਹੇਗਾ। ਵੇਖਣ ਵਿਚ ਆਇਆ ਹੈ ਕਿ ਕੀਰਤਨ ਸਮੇਂ ਕਈ ਸਰੋਤੇ, ਸ਼ਬਦ ਦੀ ਸ਼ਬਦਾਵਲੀ ਤੇ ਭਾਵ ਅਰਥ ਤੋਂ ਅਨਜਾਣ ਹੋਣ ਦੇ ਕਾਰਣ, ਗੁਰ ਆਸ਼ੇ ਨੂੰ ਸਮਝਣੋਂ ਤੇ ਗ੍ਰਹਿਣ ਕਰਨੋਂ ਅਸਮਰਥ ਰਹਿੰਦੇ ਹਨ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਗੁਰਸਿੱਖ ਨੇ ਬਾਣੀ ਨੂੰ ਵਿਚਾਰਨਾ ਤੇ ਫਿਰ ਉਸ ਵਿਚ ਦਿੱਤੀ ਸਿਖਿਆ ਨੂੰ ਅਮਲ ਵਿਚ ਲਿਆਉਣਾ ਦੇ ਸੱਚਾ ਆਚਰਣ ਘੜਨਾ ਹੈ। ਕੀਰਤਨ ਵੀ ਤਾਂ ਆਖਰ ਕਿ ਅਤਿ ਸ੍ਰੇਸ਼ਟ ਸਾਧਨ ਹੀ ਹੈ, ਨਾਮ ਅਥਵਾ ਪਰਮ ਪਦ ਦੀ ਪ੍ਰਾਪਤੀ ਦਾ। ਬਾਣੀ ਦੀ ਵਿਚਾਰ ਬਾਰੇ ਸਤਿਗੁਰਾਂ ਵਲੋਂ ਸਪੱਸ਼ਟ ਸੂਚਨਾ ਹੈ:

**ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ॥**

(ਰਾਮਕਲੀ ਮ: ੧, ਪੰਨਾ ੯੩੫)

੧੫. ਰਾਗੀ ਸਾਹਿਬਾਨ ਨੂੰ ਇਹ ਗੱਲ ਵੀ ਮਨ ਵਿਚ ਧਾਰਨੀ ਜ਼ਰੂਰੀ ਹੈ ਕਿ ਕੀਰਤਨ ਦਾ ਅੰਤਿਮ ਲਾਭ ਸਤਿਗੁਰਾਂ ਦੀ ਇੱਛਾ ਤੇ ਹਦਾਇਤ ਅਨੁਸਾਰ "ਸ਼ਬਦ" ਨੂੰ ਯੁਕਤ ਸੰਗੀਤ ਵਿਚ ਗਾਇਣ ਕਰਨਾ ਹੈ। ਇਸ ਤਰ੍ਹਾਂ ਉਸ ਅੰਤਰੀਵ (ਪਰਮ) ਰਸ ਦੀ ਪ੍ਰਾਪਤੀ ਹੁੰਦੀ ਹੈ, ਜਿਸ ਵਿਚ ਮਗਨ ਹੋ ਕੇ ਸਰੋਤਾ, ਸਤਿਗੁਰਾਂ ਦੀ ਜੋਤ ਵਿਚ ਅਭੇਦ ਹੋਣ ਦੇ ਯੋਗ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਸ਼ਬਦਾਂ ਵਿਚ ਇਕ ਆਦਰਸ਼ਕ ਕੀਰਤਨੀਏ ਦਾ ਚਿੱਤਰ, ਚਾਹੇ ਉਹ ਕਿਸੇ ਮੱਤ ਦਾ ਵੀ ਕਿਉਂ ਨਾ ਹੋਵੇ, ਇਸ ਪ੍ਰਕਾਰ ਰੂਪਮਾਨ ਕਰਨ ਦਾ ਉਪਕਾਰ ਕੀਤਾ ਗਿਆ ਹੈ:

**ਓਅੰਕਾਰਿ ਏਕੁ ਧੁਨਿ ਏਕੋ, ਏਕੋ ਰਾਗੁ ਅਲਾਪੈ ॥**
**ਏਕਾ ਦੇਸੀ ਏਕੁ ਦਿਖਾਵੈ; ਏਕੋ ਰਹਿਆ ਬਿਆਪੈ॥**
**ਏਕਾ ਸੁਰਤਿ, ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ॥੧॥**
**ਭਲੋ ਭਲੋ ਰੇ ਕੀਰਨੀਆ, ਰਾਮ ਰਮਾ ਰਾਮਾ ਗੁਨ ਗਾਉ॥**
**ਛੋਡਿ ਕਾਇਆ ਕੇ ਧੰਧ ਸੁਆਉ॥੧॥ਰਹਾਉ॥**
**ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ॥**
**ਬਾਜਾ ਮਾਣੁ, ਤਾਣੁ, ਤਜਿ ਜਾਨਾ, ਪਾਉ ਨਾ ਬੀਗਾ ਘਾਲੈ॥**
**ਫੇਰੀ ਫੇਰੁ ਨਾ ਹੋਵੈ ਕਬਹੀ, ਏਕੁ ਸਬਦੁ ਬੰਧਿ ਪਾਲੈ॥੨॥**
**ਨਾਰਦੀ ਨਰਹਰ ਜਾਣਿ ਹਦੂਰੇ॥**
**ਘੂੰਘਰ ਖੜਕੁ ਤਿਆਗਿ ਵਿਸੂਰੇ॥**
**ਸਹਜ ਅਨੰਦ ਦਿਖਾਵੈ ਭਾਵੈ॥**
**ਇਹੁ ਨਿਰਤਿਕਾਰੀ, ਜਨਮਿ ਨਾ ਆਵੈ॥੩॥**
**ਜੇ ਕੋ ਅਪਨੇ ਠਾਕੁਰ ਭਾਵੈ॥**
**ਕੋਟਿ ਮਧਿ ਏਹੁ ਕੀਰਤਨੁ ਗਾਵੈ॥**
**ਸਾਧ ਸੰਗਤਿ ਕੀ ਜਾਵਉ ਟੇਕ॥**
**ਕਹੁ ਨਾਨਕ, ਤਿਸੁ ਕੀਰਤਨੁ ਏਕ॥੪॥**

(ਮ: ੫, ਪੰਨਾ ੮੮੫)

**ਭਾਵਾਰਥ:**-ਰੱਬੀ ਕੀਰਤਨੀਆ (ਅਸਲੀ ਰਾਸਧਾਰੀਆ) ਇੱਕੋ ਵਾਹਿਗੁਰ ਦੀ ਧੁਨੀ ਲਾਉਂਦਾ, ਇਕ ਓਸੇ ਦਾ ਰਾਗ ਅਲਾਪਦਾ, ਓਸ ਇਕੋ ਦੇ ਦੇਸ (ਚਰਨਾਂ) ਵਿਚ ਟਿਕਦਾ ਅਤੇ ਕੇਵਲ ਉਸ ਇਕੋ ਪ੍ਰਭੂ ਦੇ ਦਰਸ਼ਨ ਕਰਾਉਂਦਾ ਹੈ, ਜੋ ਹਰ ਥਾਂ ਵਿਆਪਕ ਹੈ। ਉਹ ਪੂਰਨ ਗੁਰੂ ਤੋਂ ਸਿਖਿਆ ਲੈ ਕੇ ਇਕ ਪ੍ਰਮਾਤਮਾ ਵਿਚ ਸੁਰਤਿ ਟਿਕਾਈ ਰੱਖਦਾ ਅਤੇ ਉਸ ਇਕ ਦੀ ਸੇਵਾ (ਭਗਤੀ, ਮਨੁੱਖ ਮਾਤ੍ਰ ਨਾਲ ਪਿਆਰ) ਵਿਚ ਤੱਤਪਰ ਰਹਿੰਦਾ ਹੈ।

ਹੇ ਭਾਈ! ਜਿਹੜਾ ਕੀਰਤਨੀਆ ਮਾਇਆ ਦੇ ਲਾਲਚ ਤੋਂ ਉਪਰ ਉੱਠ ਕੇ ਸਰਬ-ਵਿਆਪਕ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਉਹੀ ਸਭ ਤੋਂ ਸ੍ਰੇਸ਼ਟ ਕੀਰਤਨੀਆ ਹੈ।

ਐਸੇ ਰੱਬੀ ਕੀਰਤਨੀਏ ਨੂੰ ਤਾਕੀਦ ਹੈ ਕਿ ਉਹ ਸਤਿ, ਸੰਤੋਖ ਆਦਿ ਗੁਣਾਂ ਨੂੰ ਪੰਜ ਪ੍ਰਕਾਰ ਦੇ ਵਾਜੇ (ਸਾਜ਼) ਬਣਾਵੇ, ਅਤੇ ਲੈਅ (ਲਿਵਲੀਨਤਾ) ਨੂੰ ਸੱਤ ਸੁਰਾਂ (ਸਾ ਰੇ ਗਾ ਮਾ....) ਬਣਾਏ।

ਉਸ ਪਾਸ ਮਾਣ ਤੇ ਤਿਆਗ ਦਾ ਵਾਜਾ ਤੇ ਤਾਣ (ਆਪਣੇ ਬਲ ਦੇ ਹੰਕਾਰ) ਨੂੰ ਤਿਆਗਣ ਦਾ ਤਾਨ ਪਲਟਾ ਹੋਵੇ, ਅਤੇ ਉਹ ਮੰਦੇ ਪਾਸੇ ਪੈਰ ਨਾ ਪਾਵੇ। ਜੇ ਅਜਿਹਾ ਕੀਰਤਨੀਆ ਸਤਿਗੁਰਾਂ ਦੇ ਸ਼ਬਦ ਨੂੰ ਪੱਲੇ ਬੰਨ੍ਹੀ ਰੱਖੇ ਤਾਂ ਉਹ

ਕਦੀ ਜਨਮ ਮਰਨ ਦੇ ਗੇੜ ਵਿਚ ਨਹੀਂ ਅਉਂਦਾ।

ਪ੍ਰਭੂ ਨੂੰ ਅੰਗ-ਸੰਗ ਜਾਣਨਾ ਉਸ ਲਈ ਨਾਰਦ-ਭਗਤੀ ਵਾਲਾ ਨਾਚ ਹੋਵੇ ਅਤੇ ਝੋਰੇ ਤਿਆਗਣ ਵਿਚ ਘੁੰਘਰੂਆਂ ਦੀ ਛਿਣਕਾਰ। ਪ੍ਰਭੂ ਦੇ ਦਰ ਦਾ ਰਾਸਧਾਰੀਆਂ (ਕੀਰਤਨੀਆ) ਆਤਮਕ ਅਡੋਲਤਾ ਦਾ ਆਨੰਦ ਮਾਣਦਾ ਹੈ। ਅਜਿਹਾ ਨਿਰੱਤਕਾਰ ਜਨਮ ਮਰਨ ਦੇ ਗੇੜ ਵਿੱਚ ਨਹੀਂ ਪੈਂਦਾ।

ਹੇ ਭਾਈ! ਕਰੋੜਾਂ ਵਿਚੋਂ ਜੇ ਕੋਈ ਵਿਰਲਾ ਆਪਣੇ ਪ੍ਰਮਾਤਮਾ ਨੂੰ ਪਿਆਰਾ ਲੱਗਦਾ ਹੈ,, ਉਹੀ ਪ੍ਰਭੂ ਦਾ ਅਜੇਹਾ ਕੀਰਤਨ ਗਾਂਦਾ ਹੈ।

ਹੇ ਨਾਨਕ !ਮੈਂ ਸਾਧ-ਸੰਗਤ ਦੀ ਟੇਕ ਲੈਂਦਾ ਹਾਂ, ਮੈਨੂੰ ਐਸੇ ਰੱਬੀ ਕੀਰਤਨ ਦਾ ਆਸਰਾ ਹੈ ਜੋ ਕੇਵਲ ਓਥੇ (ਸਾਧ-ਸੰਗਤ ਵਿਚ) ਹੀ ਹੁੰਦਾ ਹੈ।

ਸੋ, ਇਕ ਓਅੰਕਾਰ ਦੀ ਐਸੀ "ਏਕ ਧੁਨਿ" ਪੈਦਾ ਕਰ ਸਕਣ ਵਾਲੇ ਕੀਰਤਨੀਏ ਪੈਦਾ ਕਰਨ ਤੇ ਸਤਿਕਾਰਨੇ ਪੰਥ ਦੀ ਇਕ ਅਤਿ ਅਹਿਮ ਸਮੱਸਿਆ ਹੈ। ਜਿਵੇਂ ਵਿਚਾਰਵਾਨਾਂ ਨੇ ਕਾਰਜ ਅਥਵਾ ਮੰਤਵ ਦੀ ਪੂਰਤੀ ਲਈ ਸਫਲ ਵਕਤੇ ਤੇ ਸਰੋਤੇ ਵਿਚ ਚੌਦਾਂ, ਚੌਦਾਂ ਗੁਣ ਹੋਣੇ ਲਾਜ਼ਮੀ ਕਰਾਰ ਦਿਤੇ ਹਨ, ਏਸੇ ਤਰ੍ਹਾਂ "ਗੁਰਬਾਣੀ-ਕੀਰਤਨ" ਨੂੰ ਸਹੀ ਅਰਥਾਂ ਵਿਚ ਫਲ ਪਰਦਾਤਾ ਬਨਾਉਣ ਲਈ ਆਦਰਸ਼ਕ ਕੀਰਤਨੀਏ ਤੇ ਸਰੋਤ ਸੰਗਤਿ ਵਿਚ ਸੁਮੇਲ ਹੋਣ ਅਤਿਅੰਤ ਜ਼ਰੂਰੀ ਹੈ, ਗੁਰਬਾਣੀ ਦੇ ਡੂੰਘੇ ਭਾਵਾਂ ਦੀ ਸੂਝ ਬੂਝ ਤੇ ਗੁਰਮਤਿ-ਸੰਗੀਤ ਲਈ ਡੂੰਘੀ ਰੁਚੀ ਰੱਖਣ ਵਾਲੀ ਸੰਗਤਿ ਹੀ ਉੱਤਮ ਤੇ ਸਰੇਸ਼ਟ ਕੀਰਤਨੀਏ ਪੈਦਾ ਕਰਨ ਦੀ ਜ਼ਾਮਨ ਹੋ ਸਕਦੀ ਹੈ।

ਉਪਰੋਕਤ ਨਿਸ਼ਾਨੇ ਦੀ ਪੂਰਤੀ ਵੱਲ ਕਿਵੇਂ ਵਧਿਆ, ਤੇ ਕਿਵੇਂ ਹਰ ਘਰ ਨੂੰ ਕੀਰਤਨੀ-ਧਰਮਸਾਲਾ ਵਿਚ ਬਦਲਿਆ ਜਾਵੇ, ਇਹ ਮਸਲਾ ਇਕ ਵੱਖਰੀ ਤੇ ਵਿਸ਼ੇਸ਼ ਵਿਚਾਰ ਦਾ ਮੁਥਾਜ ਹੈ।

ਕੀ ਪੰਥ ਕਲਜੁਗ ਵਿਚ "ਪ੍ਰਧਾਨ ਕੀਰਤਨ-ਭਗਤੀ" ਦਾ ਬੋਲ ਬਾਲਾ ਕਰਨ ਦੀ ਦੈਵੀ ਵੰਗਾਰ ਨੂੰ ਪ੍ਰਵਾਨ ਕਰੇਗਾ?

ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥ ■

(ਮਾਰੂ ਸੋਹਲੇ, ਪੰਨਾ ੧੦੭੫)

(ਧੰਨਵਾਦ ਸਹਿਤ - 'ਅੰਮ੍ਰਿਤ ਤੇ ਆਤਮਾ')


EXQUISITE Multicuisine Meals at

Hot millions

Salad Bar & Restaurants



Serving Indian, Chinese, Continental & Italian Food
with a regular Indian & Salad Buffet

Special Arrangements for Birthday & Kitty parties
& Exciting Gifts too.

FOR HOME DELIVERY CALL CHD 713232, 721844, 721287 PKL 569156, 581619

# ਰੱਬ ਨੇ ਜਿਸ ਨੂੰ ਚੁਣਿਆ

ਪ੍ਰੋ: ਜਗਜੀਤ ਸਿੰਘ ਜਾਬੇਵਾਲ

ਮਹਿਮੂਦ ਗਜ਼ਨਵੀ ਦੇ ਸੁਲਤਾਨਖਾਨ ਨਾਮੀਂ ਹਾਕਮਾਂ ਦੇ ਨਾਂ ਤੇ ਵਸਿਆ ਸ਼ਹਿਰ ਸੁਲਤਾਨ ਪੁਰ ਕਿਸੇ ਜ਼ਮਾਨੇ ਵਿਚ ਸ਼ੇਰਸ਼ਾਹ ਦੀ ਬਣਾਈ ਸ਼ਾਹੀ ਸੜਕ ਤੇ ਵਸਿਆ ਰੌਣਕੀਲਾ ਸ਼ਹਿਰ ਸੀ। ਜਿਹੜਾ ਅਗੇ ਜਾ ਕੇ ਲੋਧੀ ਕਾਲ ਵਿਚ ਸੂਬੇ ਦਾ ਕੇਂਦਰ ਭੀ ਬਣਿਆ। ਇਥੇ ਦੇ ਖੰਡਰ ਬੀਤੇ ਗੌਰਵ ਦੇ ਸਬੂਤ ਹਨ। ਸ਼ੇਰਸ਼ਾਹ ਨੇ ਇਥੇ ਮੁਸਾਫਰਾਂ ਲਈ ਇਕ ਬਹੁਤ ਵੱਡੀ ਸਰਾਂ ਤੇ ਵੇਂਈਂ ਨਦੀ ਤੇ ਪੁਲ ਭੀ ਬਣਵਾਇਆ ਸੀ ਖੰਡਰਾਂ ਦੀ ਸ਼ਕਲ ਵਿਚ ਅੱਜ ਭੀ ਵੇਖੇ ਜਾ ਸਕਦੇ ਹਨ। ਇਥੇ ਹੀ ਇਕ ਇਸਲਾਮਿਕ ਮਦਰੱਸਾ, ਬੋਧੀਆਂ ਤੇ ਨਾਥ ਯੋਗੀਆਂ ਦੇ ਕੇਂਦਰ ਭੀ ਉਸਾਰੇ ਗਏ। ਇਸੇ ਹੀ ਸ਼ਹਿਰ ਤੋਂ ਜਗਤ ਜਲੰਦੇ ਨੂੰ ਠਾਰਨ ਲਈ ਰੱਬੀ ਸਿਫਤਾਂ ਦੇ ਮਾਲਕ ਗੁਰੂ ਨਾਨਕ ਸਾਹਿਬ ਨੇ ਪਰਚਾਰ ਦੌਰੇ ਆਰੰਭੇ। ਉਚ ਆਤਮਾਂ ਦੀ ਮਾਲਕ ਤਲਵੰਡੀ ਦੀ ਜੰਮ ਪੱਲ ਤੇ ਸੁਲਤਾਨਪੁਰ ਦੇ ਵਸਨੀਕ ਉਚ ਅਧਿਕਾਰੀ ਜੈ ਰਾਮ ਜੀ ਨਾਲ ਵਿਆਹੀ ਬੀਬੀ ਨਾਨਕੀ ਜੀ ਦੀ ਇਸੇ ਸ਼ਹਿਰ ਵਿਚ ਰਿਹਾਇਸ਼ ਸੀ। ਪੇਕਿਆਂ ਵਲੋਂ ਆਏ ਦਿਨ ਨਿੱਕੇ ਭਰਾ ਦੇ ਕੰਮ ਵਿਚ ਦਿਲਚਸਪੀ ਨਾ ਲੈਣ ਦੀਆਂ ਸ਼ਿਕਾਇਤਾਂ ਮਿਲਦੀਆਂ ਹੀ ਰਹਿੰਦੀਆਂ ਸਨ। ਜੈ ਰਾਮ ਜੀ ਨੇ ਹਾਲਾਤ ਦਾ ਜਾਇਜ਼ਾ ਲੈ, ਨਾਨਕ ਜੀ ਨੂੰ ਆਪਣੇ ਕੋਲ ਸੁਲਤਾਨ ਪੁਰ ਆਉਣ ਲਈ ਰਾਜ਼ੀ ਕਰਨ ਤੇ ਉਨ੍ਹਾਂ ਦੇ ਇੱਥੇ ਪੱਕੇ ਤੌਰ ਤੇ ਰਿਹਾਇਸ਼ ਰੱਖਣ ਲਈ ਵਾਜਿਬ ਨੌਕਰੀ ਤੇ ਲਗਵਾਉਣ ਦਾ ਇੰਤਜ਼ਾਮ ਕਰਨ ਦਾ ਪੱਕਾ ਮਨ ਬਣਾਇਆ। ਉਹ ਤਲਵੰਡੀ ਪੁੱਜੇ ਤੇ ਸਾਰੇ ਪਰਿਵਾਰ ਨੂੰ ਮਨ ਦੀ ਗੱਲ ਕਹਿ ਸੁਣਾਈ। ਇੰਜ ਕਹਿ ਲਵੋ ਜਿਵੇਂ ਰੱਬ ਦਾ ਸੁਨੇਹਾ ਜੈ ਰਾਮ ਜੀ ਦੀ ਜ਼ਬਾਨੀ ਸਾਰੇ ਪਰਿਵਾਰ ਨੇ ਸੁਣਿਆ। ਪਿਆਰੀ ਨਾਨਕੀ ਵਲੋਂ ਆਏ ਸੁਨੇਹੇ ਨੂੰ ਪਿਤਾ ਕਲਿਆਣ ਦਾਸ ਭੀ ਰੱਦ ਨਾ ਕਰ ਸਕੇ। ਨੂਰੀ ਨਾਨਕ ਜੀ ਸੁਲਤਾਨ ਪੁਰ ਪੁੱਜ ਗਏ। ਜੈ ਰਾਮ ਜੀ ਨਾਨਕ ਜੀ ਨੂੰ ਨੌਕਰੀ ਲਈ ਨਵਾਬ ਕੋਲ ਲੈ ਗਏ। ਦਰਸ਼ਨ ਕਰਦਿਆਂ ਨਵਾਬ ਨੌਕਰੀ ਦੇਣ ਲਈ ਰਜ਼ਾਮੰਦ ਹੋ ਗਿਆ। ਨਵਾਬ ਨੇ ਹਾਲੀਂ ਤਾਂ ਦੀਦਾਰੀ ਸਰੂਪ ਹੀ ਵੇਖਿਆ ਸੀ। ਅੰਦਰ ਦੀ ਸ਼ਕਤੀ ਦਾ ਭੇਤ ਤਾਂ ਹਾਲੀਂ ਖੁੱਲ੍ਹਣਾ ਸੀ। ਕੁਝ ਹੀ ਦਿਨਾਂ ਵਿਚ ਸੱਚੀ ਕਾਰ ਤੇ ਸੱਚੇ ਵਿਚਾਰ ਦੀ ਸੁਗੰਧੀ ਸਾਰੇ ਪਾਸੇ ਫੈਲ ਗਈ। ਹਰ ਸਵੇਰੇ ਪਹੁ ਫੁਟਾਲੇ ਤੋਂ ਪਹਿਲਾਂ ਵੇਂਈਂ ਨਦੀ ਤੇ ਨਹਾਉਣ ਜਾਂਦੇ, ਸਤਿ ਕਰਤਾਰ ਦੀ ਧੁਨੀ ਉਚਾਰਨ ਕਰਦੇ ਹੋਏ ਕਾਦਰ ਦੇ ਵਿਸਮਾਦੀ ਰੰਗ ਵਿਚ ਲੀਨ ਹੋ ਜਾਂਦੇ। ਇਕ ਦਿਨ ਨਦੀ ਤੇ ਇਸ਼ਨਾਨ ਕਰਨ ਗਏ ਪਰ ਵਾਪਸ ਨਾ ਆਏ। ਸਾਰਾ ਦਿਨ ਬੀਤ ਗਿਆ ਪਰ ਕੋਈ ਚੰਗੀ ਭੈੜੀ ਖਬਰ ਨਾ ਮਿਲੀ। ਜੈ ਰਾਮ ਜੀ ਤੇ ਨਾਨਕੀ ਜੀ ਦੇ ਦੁੱਖ ਦਾ ਅੰਦਾਜ਼ਾ ਲਗਾਣਾ ਇਤਨਾ ਆਸਾਨ ਨਹੀਂ ਸੀ। ਆਪਣੇ ਆਪ ਨੂੰ ਕੋਸਣ ਲੱਗੇ ਕਿ ਚੰਗਾ ਹੁੰਦਾ, ਜੇ ਉਹ ਨਾਨਕੀ ਜੀ ਨਾ ਹੀ ਬੁਲਾਂਦੇ। ਰੱਬ ਅੱਗੇ ਅਰਦਾਸ ਕਰਨਾ ਹੀ ਇਕ ਚਾਰਾ ਸੀ। ਸੱਤਸੰਗੀ ਉਦਾਸ, ਸ਼ਹਿਰ ਦਾ ਹਰ ਬਸ਼ਰ ਉਦਾਸ ਤੇ ਨਵਾਬ ਭੀ ਦੁਖੀ। ਜਾਂ ਇਹ ਕਹਿ ਲਵੋ ਕਿ ਇਸ ਵਿਛੋੜੇ ਦਾ ਦੁੱਖ ਸੁਲਤਾਨਪੁਰ ਦੀ ਜਨਤਾ ਦੀ ਕਿਸਮਤ ਵਿਚ ਹੀ ਲਿਖਿਆ ਸੀ ਜੋ ਉਨ੍ਹਾਂ ਨੇ ਭੁਗਤਿਆ।

ਤਿੰਨ ਦਿਨਾਂ ਬਾਅਦ ਜੋ ਨਾਨਕ ਸੁਲਤਾਨਪੁਰ ਦੇ ਲੋਕਾਂ ਨੇ ਵੇਖਿਆ ਇਹ ਮੋਦੀ ਖਾਨੇ ਵਿਚ ਨੌਕਰੀ ਕਰਦਾ ਨਾਨਕ ਨਹੀਂ ਸੀ ਬਲਕਿ ਬਦਲਿਆ ਹੋਇਆ ਨਾਨਕ ਸੀ। ਸੰਸਾਰ ਤੋਂ ਗੈਰ ਹਾਜ਼ਰ ਹੋ ਰੱਬ ਦੀ ਦਰਗਾਹ ਵਿਚ ਹਾਜ਼ਰੀ ਭਰ ਲੋਕਾਈ ਨੂੰ ਰੱਬ ਨਾਲ ਜੋੜਨ ਦੀ ਡਿਊਟੀ ਲੈ ਵਾਪਸ ਪਰਤਿਆ ਨਾਨਕ ਸੀ। ਹੁਣ ਰੱਬ ਵਲੋਂ ਲਗਾਈ ਡਿਊਟੀ ਭੀ ਤਾਂ ਨਿਭਾਉਣੀ ਸੀ। ਇਸ ਲਈ ਨਵਾਬ ਕੋਲ ਨੌਕਰੀ ਤੋਂ ਮੁਕਤੀ ਦੇਣ ਦੀਂ ਬੇਨਤੀ ਕੀਤੀ। ਨਵਾਬ ਵਲੋਂ ਨੌਕਰੀ ਛੱਡਣ ਦੇ ਪੁੱਛੇ ਕਾਰਨਾਂ ਦੇ ਜਵਾਬ ਵਿਚ ਗੁਰੂ ਸਾਹਿਬ ਨੇ ਦਸਿਆ ਕਿ ਰੱਬ ਵੱਲੋਂ ਲਗਾਈ ਡਿਊਟੀ ਨਿਭਾਉਣ ਲਈ ਉਨ੍ਹਾਂ ਲਈ ਮੋਦੀ ਖਾਨੇ ਦੀ ਨੌਕਰੀ ਛੱਡਣੀ ਜਰੂਰੀ ਹੈ। ਜੈ ਰਾਮ ਜੀ ਤੇ ਨਾਨਕੀ ਜੀ ਨੇ ਬਹੁਤ ਸਮਝਾਇਆ ਬੁਝਾਇਆ ਪਰ ਗੱਲ ਨਾ ਬਣ ਸਕੀ। ਕੱਲ ਤਕ ਨਾਨਕ ਜਿਹੜਾ ਕਲਿਆਣ ਦਾਸ ਪਟਵਾਰੀ ਦਾ ਇਕਲੌਤਾ ਪੁੱਤਰ ਸੀ ਅੱਜ ਰੱਬ ਦਾ ਨਿਵਾਜਿਆ, “ਗੁਰੂ ਪਰਮੇਸ਼ਵਰ” ਸੀ। ਜਦੋਂ ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ ਦਾ ਬੋਲਾ ਬੋਲਿਆ ਤਾਂ ਸਭਨਾ ਲੋਕਾਂ ਵਿਚ ਖਲਬਲੀ ਮਚ ਗਈ। ਹਿੰਦੂ ਤੇ ਮੁਸਲਮਾਨ ਪੁਜਾਰੀ ਵਰਗ ਜਿਹੜੇ ਕੱਲ ਤੱਕ ਇਕ ਦੂਜੇ ਦੇ ਵਿਰੋਧੀ ਸਨ, ਅੱਜ ਸਾਰੀਆਂ ਵੰਡੀਆਂ ਭੁਲਾ ਰੱਬੀ ਨੂਰ ਦੇ ਵਿਰੋਧੀ ਹੋ ਗਏ। ਦੂਜਿਆਂ ਨੂੰ ਮਲੇਛ ਕਹਿਣ ਵਾਲਾ ਬੁੱਤ ਪਰੱਸਤ ਹਿੰਦੂ ਖੁਦਾ ਪਰੱਸਤ ਮੁਸਲਮਾਨ ਦੀ ਅਗਵਾਈ ਕਰਦਾ ਨਾਨਕ ਜੀ ਦੇ ਖਿਲਾਫ ਨਵਾਬ ਕੋਲ ਸ਼ਿਕਾਇਤ ਕਰਨ ਤੁਰ ਪਿਆ। ਹਿੰਦੂ ਨੂੰ ਇਸ ਐਲਾਨ ਵਿਚ ਬੁੱਤ ਪਰੱਸਤੀ ਦੇ ਵਿਰੁੱਧ ਇਕ ਸੰਸਥਾਂ ਦਾ ਆਗਮਨ ਦਿਸ ਰਿਹਾ ਸੀ। ਉਨ੍ਹਾਂ ਨੇ ਵਰਨਵਾਦ ਦੇ ਖਿਲਾਫ ਜਹਾਦ ਕਰਨ ਵਾਲੇ ਬੁੱਧ ਧਰਮ ਨੂੰ ਕੁਝ ਸਦੀਆਂ ਪਹਿਲਾਂ ਖਤਮ ਕੀਤਾ ਸੀ। ਗੁਰੂ ਜੀ ਦੀ ਦਰਿਸ਼ਟੀ ਵਿਚ ਧਰਮ ਇਕ ਵਪਾਰ ਤੇ ਗਰੀਬ ਸ਼ਰਧਾਲੂਆਂ ਨੂੰ ਲੁੱਟਣ ਦਾ ਇਕ ਸਾਧਨ ਬਣ ਗਿਆ ਸੀ। ਧਰਮ ਇਕ ਮੁਰਦਾ ਲੋਥ ਸੀ ਜਿਸ ਵਿਚੋਂ ਆਤਮਾ ਉਡ ਗਈ ਸੀ। ਸਿੱਖ ਧਰਮ ਸਭ ਤੋਂ ਪਹਿਲਾ ਗੁਰਮੁਖ ਪੰਥ ਸਦਾਇਆ ਫਿਰ ਸਿੱਖ ਮੱਤ ਦੇ ਰੂਪ ਵਿਚ ਪ੍ਰਫੁਲਤ ਹੋਇਆ, ਤੇ ਅਖੀਰ ਪੰਥ ਦੇ ਰੂਪ ਵਿਚ ਪਰਵਾਨ ਚੜ੍ਹਿਆ। ਗੁਰੂ ਨਾਨਕ ਦੀ ਬਾਣੀ ਵਿਚ ਸੱਚੀ ਅਨਭਵੀ ਰੱਬੀ ਆਵਾਜ਼ ਸੀ। ਉਨ੍ਹਾਂ ਦੇ

ਸ਼ਬਦਾਂ ਨੇ ਆਮ ਜਨ ਸਮੂਹ, ਵਿਦਵਾਨਾਂ ਤੇ ਕੁਰਾਹੇ ਪਏ ਕਠੋਰ ਮਨਾਂ ਤੇ ਸਿੱਧਾ ਤੇ ਤਿੱਖਾ ਅਸਰ ਕੀਤਾ। ਰੁੱਲਦੀ ਖੁੱਲਦੀ ਬੋਲੀ ਨੂੰ ਆਤਮਿਕ ਗਿਆਨ ਦਾ ਮਾਧਿਅਮ ਬਣਾਇਆ। ਆਪ ਇਹੋ ਜਿਹਾ ਕਾਰਨਾਮਾ ਨੀਲੇ ਅੰਬਰ ਦੇ ਥੱਲੇ ਖਾਕੀ ਧਰਤੀ ਤੇ ਪਹਿਲਾਂ ਨਹੀਂ ਸੀ ਬੀਤਿਆ। ਬੇਸ਼ਕ ਹੱਜਰਤ ਮੂਸਾ ਨੇ ਕੋਹ ਏ ਤੂਰ ਤੇ ਰੱਬੀ ਨੂਰ ਦੇ ਦਰਸ਼ਨ ਕੀਤੇ ਸਨ, ਪਰ ਇਸ ਰੱਬੀ ਪੈਗੰਬਰ ਨੇ ਸੁਲਾਤਾਨਪੁਰ ਕੇਵਲ ਆਪ ਹੀ ਰੱਬੀ ਨੂਰ ਨਹੀਂ ਵੇਖਿਆ ਬਲਕਿ ਸਾਰੀ ਕਾਇਨਾਤ ਨੂੰ ਉਸ ਦੇ ਦਰਸ਼ਨ ਕਰਾਉਣ ਦਾ ਕਾਰਜ ਅਰੰਭਿਆ। ਉਨ੍ਹਾਂ ਦਾ ਵੰਡਿਆ ਪਰੇਮ ਲਹੂ ਮਾਸ ਦੀ ਧੜਕਣ ਨਹੀਂ ਸੀ ਬਲਕਿ ਪਰੇਮ ਸੀ ਦੈਵੀ ਗੁਣਾਂ ਦਾ, ਨੇਕੀ ਦਾ ਤੇ ਆਤਮਵਿਸ਼ਵਾਸ ਦਾ । ਸੁਲਤਾਨ ਪੁਰ ਦੀ ਧਰਤੀ ਤੇ ਉਹ ਰਹੱਸ ਉਜਾਗਰ ਕੀਤਾ ਜੋ ਦੁਨੀਆਂ ਦੇ ਕਿਸੇ ਹੋਰ ਟੁੱਕੜੇ ਤੇ ਉਜਾਗਿਰ ਨਹੀਂ ਸੀ ਹੋਇਆ। ਗਗਨ ਮੰਡਲ ਦੇ ਤਾਰਿਆਂ ਸਿਤਾਰਿਆਂ ਨੇ ਭੀ ਇਸ ਤਰ੍ਹਾਂ ਦਾ ਕੌਤਕ ਪਹਿਲਾਂ ਨਹੀਂ ਸੀ ਵੇਖਿਆ। ਧਰਮ ਦਾ ਜੋ ਬੂਟਾ ਇਥੇ ਉਪਜਿਆ ਉਸ ਦੇ ਬੀਜ ਸਾਰੇ ਸੰਸਾਰ ਵਿਚ ਪਰਫੁਲਤ ਹੋਏ। ਗਿਆਨ ਘਟਾ ਜੋ ਇਥੋਂ ਚੜ੍ਹੀ ਉਹ ਅਰਬ ਦੇ ਮਾਰੂਥਲਾਂ, ਤਿਬੱਤ ਤੇ ਚੀਨ ਜਿਹੇ ਦੁਰਾਡੇ ਦੇਸ਼ਾਂ ਤੱਕ ਪਹੁੰਚੀ। ਉਨ੍ਹਾਂ ਦੀ ਬਾਣੀ ਉਨ੍ਹਾ ਦੀ ਆਤਮਾ ਦੀ ਆਵਾਜ਼ ਹੈ। ਜਿਥੋਂ ਸਿੱਖ ਧਰਮ ਦੇ ਮੰਨਣ ਤੇ ਪਰਚਾਰਨ ਵਾਲਿਆਂ ਦਾ ਸੰਬੰਧ ਹੈ ਜਿਤਨਾ ਘੱਟ ਕਿਹਾ ਜਾਏ ਉਤਨਾ ਹੀ ਚੰਗਾ ਹੈ। ਸਿੱਖਾਂ ਵਲੋਂ ਦਸੀ ਬੇਪਰਵਾਹੀ ਦੀ ਮਿਸਾਲ ਭੀ ਸ਼ਾਇਦ ਕਿਸੇ ਦੂਜੀ ਜਗ੍ਹਾ ਨਾ ਮਿਲੇ। ਜਿਤਨੇ ਸਾਧਨ ਸਾਨੂੰ ਪਰਾਪਤ ਹਨ ਤੇ ਜਿਸ ਭਾਂਤ ਦੇ ਯਥਾਰਥੀ ਤੱਤ ਸਾਡੇ ਧਰਮ ਵਿਚ ਹਨ ਇਨ੍ਹਾਂ ਨੂੰ ਪਰਚਾਰਨ ਲਈ ਸੱਚ ਪੁੱਛੋ ਤਾਂ ਅਸੀਂ ਕੁਝ ਨਹੀਂ ਕੀਤਾ। ਇਸੇ ਲਈ ਦੂਜੇ ਧਰਮਾਂ ਦੇ ਪਰਵਿਰਤ ਤੇ ਪ੍ਰਫੁੱਲਤ ਹੋਣ ਦੇ ਪੱਤਰੇ ਫੋਲਣ ਤੋਂ ਡਰਦੇ ਹਾਂ। ਮਹਾਤਮਾਂ ਬੁੱਧ ਮੱਗਧ ਦੇ ਸ਼ ਤੋਂ ਬਾਹਰ ਨਹੀਂ ਸਨ ਗਏ। ਫਿਰ ਭੀ ਉਨਾਂ ਦਾ ਧਰਮ ਅੱਜ ਇਸਲਾਮ ਤੋਂ ਦੂਜੇ ਨੰਬਰ ਤੇ ਹੈ। ਇਸ ਧਰਮ ਨੂੰ ਫੈਲਾਉਣ ਦਾ ਸਿਹਰਾ ਉਨ੍ਹਾਂ ਭਿਕਸ਼ੂਆਂ ਦੇ ਸਿਰ ਜਾਂਦਾ ਹੈ ਜਿਨ੍ਹਾਂ ਇਸ ਧਰਮ ਦੇ ਪਰਚਾਰ ਵਿਚ ਜ਼ਿੰਦਗੀਆਂ ਲਗਾ ਦਿੱਤੀਆਂ। ਸਿੱਖ ਧਰਮ, ਜਿਸ ਦੇ ਬਾਨੀ ਨੇ ਨੌ ਖੰਡ ਪਰਿਥਵੀ ਗਾਹੀ ਤੇ ਸੋਧੀ ਕਿਤਨੀ ਕੁ ਤਰੱਕੀ ਕੀਤੀ। ਕੇਵਲ ਕਾਂਸ਼ੀ, ਗਿਰਜਾ, ਪਟਨਾ ਤੇ ਸਿਰੀਵਸਤੀ ਉਨ੍ਹਾਂ ਦੇ ਜੀਵਨ ਦੇ ਮੁਕਾਮ ਰਹੇ ਪਰ ਉਨ੍ਹਾਂ ਦਾ ਧਰਮ ਦੁਨੀਆਂ ਵਿਚ ਛਾ ਗਿਆ। ਦੂਜੇ ਪਾਸੇ ਸਾਡੇ ਪੈਗੰਬਰ ਨੇ ਭਰੀ ਜਵਾਨੀ ਦੇ 25 ਸਾਲ ਧਰਮ ਪਰਚਾਰ ਨੂੰ ਅਰਪਨ ਕੀਤੇ। ਉਸ ਦੇ ਆਪਣੇ ਧਰਮ ਦਾ ਕੀ ਹਾਲ ਹੈ। ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕੀ ਗੁਰੂ ਨੇ ਆਵਾਜਾਈ ਦੀ ਸਹੂਲਤਾਂ ਤੋਂ ਰਹਿਤ ਜ਼ਮਾਨੇ ਵਿਚ ਜੰਗਲਾਂ, ਥਲਾਂ ਦੀਆਂ ਤਕਲੀਫਾਂ ਦਾ ਮੁਕਾਬਲਾ ਕਰਦਿਆਂ ਲੰਬੇ ਪੈਂਡੇ ਨਹੀਂ ਸੀ ਗਾਹੇ ? ਸੰਤ ਸਾਧ ਬਣਨ ਲਈ ਇਕ ਛੋਟਾ ਜਿਹਾ ਭੋਰਾ ਪੁੱਟ ਲੈਂਦੇ, ਜਾਂ ਕੋਈ ਮੱਠ ਬਣਾ ਲੈਂਦੇ ਜਾਂ ਫਿਰ ਫਕੀਰੀ ਕੱਪੜੇ ਪਾ ਚਾਰ ਸਾਥੀ ਲੈ ਮਹਾਂ ਮੰਡਲੇਸ਼ਵਰ ਬਣ ਬੈਠਦੇ। ਪਰ ਆਪਣੇ ਘਰੋਗੀ ਸੁਖ ਤਿਆਗ ਕੇ ਭਰਮਣ ਕੀਤਾ ਤੇ ਪਰਚਾਰ ਦੀ ਮਰਿਆਦਾ ਚਲਾਈ। ਲੰਕਾਂ ਅਰਬ ਦੇਸ਼ਾਂ ਵਿਚ ਅੱਜ ਭੀ ਉਨ੍ਹਾਂ ਦੇ ਪੈਰਾਂ ਦੇ ਚਿੰਨ੍ਹ ਮਿਲਦੇ ਹਨ। ਮੈਨੂੰ ਇਹ ਕਹਿਣ ਵਿਚ ਕੋਈ ਝਿੱਜਕ ਨਹੀਂ ਕਿ ਸਿੱਖਾਂ ਨੇ ਗੁਰੂ ਸਾਹਿਬ ਦੇ ਦੱਸੇ ਧਰਮ ਪਰਚਾਰ ਦੇ ਸਿਧਾਂਤ ਨੂੰ ਹਾਲੀਂ ਤੀਕ ਅਪਣਾਇਆ ਹੀ ਨਹੀਂ। ਅਸੀਂ ਜਿਨ੍ਹਾਂ ਸਾਧਨਾ ਨੂੰ ਧਰਮ ਪਰਚਾਰ ਦੇ ਸਾਧਨ ਗਰਦਾਂਨਦੇ ਹਾਂ ਉਹ ਧਰਮ ਪਰਚਾਰ ਦੇ ਲੇਬਲ ਹੇਠਾਂ ਚੰਗਾਂ ਖਾਸਾ ਵਪਾਰ ਹੈ। ਚੰਗੇ ਸਾਧਨ ਚੰਗੇ ਨਤੀਜੇ ਪੈਦਾ ਕਰਦੇ ਹਨ। ਪਿਛਲੀਆਂ ਕਈ ਸਦੀਆਂ ਵਿਚ ਇਨ੍ਹਾਂ ਸਾਧਨਾਂ ਨੇ ਧਰਮ ਦਾ ਕਿਤਨਾ ਫੈਲਾਉ ਕੀਤਾ ਹੈ। ਦੁਨੀਆਂ ਦੇ ਤਕਰੀਬਨ ਸਾਰੇ ਧਰਮ ਰਾਜ ਸ਼ਕਤੀ ਕਾਰਨ ਹੀ ਫੈਲੇ ਹਨ। ਬੁੱਧ ਧਰਮ ਦਾ ਵਿਕਾਸ ਸਮਰਾਟ ਅਸ਼ੋਕ ਦੇ ਕਾਲ ਵਿਚ ਹੋਇਆ। ਪਰ ਜਦੋਂ ਮੱਗਧ ਰਾਜ ਦੀ ਸ਼ਕਤੀ ਖਤਮ ਹੋ ਗਈ ਤਾਂ ਬੁੱਧ ਧਰਮ ਦਾ ਵਿਕਾਸ ਭੀ ਰੁਕ ਗਿਆ। ਇਸ ਤੋਂ ਬਾਅਦ ਗੁਪਤਾ ਕਾਲ ਆਇਆ ਜਿਸ ਨੇ ਹਿੰਦੂ ਧਰਮ ਨੂੰ ਇਤਨਾ ਸ਼ਕਤੀਸ਼ਾਲੀ ਬਣਾ ਦਿੱਤਾ ਕਿ ਉਹ ਬੁਧ ਜੈਸੇ ਰਾਜ ਧਰਮ ਨੂੰ ਹਿੰਦੁਸਤਾਨ ਵਿਚੋਂ ਜਲਾਵਤਨ ਕਰਨ ਵਿਚ ਸਫਲ ਹੋਇਆ। ਕੋਈ ਧਰਮ ਤਲਵਾਰ ਦੇ ਜ਼ੋਰ ਨਾਲ ਨਹੀਂ ਫੈਲਦਾ ਬਲਕਿ ਜਨ ਸਮੂਹ ਦੇ ਹੱਕਾਂ ਦੀ ਰਖਵਾਲੀ ਕਰਨ ਨਾਲ ਫੈਲਦਾ ਹੈ। ਰਾਜ ਸ਼ਕਤੀ ਦੀ ਮੱਦਦ ਜਰੂਰ ਮਿਲਦੀ ਹੈ। ਇਸਲਾਮ ਹਿੰਦੁਸਤਾਨ ਦੇ ਬਾਕੀ ਦੇਸ਼ਾਂ ਵਿੱਚ ਇਕ ਰੱਬ ਉਪਾਸਨਾ ਤੇ ਸਮਾਜਿਕ ਬਰਾਬਰੀ ਦੇ ਸਿਧਾਤਾਂ ਨੂੰ ਅਮਲ ਵਿੱਚ ਲਿਆਉਣ ਕਾਰਨ ਫੈਲਿਆ। ਚੀਨ, ਮੰਗੋਲੀਆਂ ਤੇ ਸ੍ਰੀ ਲੰਕਾਂ ਵਿੱਚ ਤਾਂ ਇਸਲਾਮਿਕ ਬਾਦਸ਼ਾਹਤ ਤਾਂ ਕਦੇ ਨਹੀਂ ਹੋਈ। ਉਥੇ ਤਾਂ ਤਲਵਾਰ ਦਾ ਜੋਰ ਨਹੀਂ ਸੀ। ਉਥੇ ਪਰਚਾਰਕਾਂ ਦੀ ਕੁਰਬਾਨੀ ਕਾਰਨ ਇਸਲਾਮ ਦਾ ਵਿਕਾਸ ਹੋਇਆ। ਉਪਰ ਦੱਸੇ ਸਿਧਾਂਤਾਂ ਨੂੰ ਸਟੇਜਾਂ ਤੋਂ ਗਲਾ ਫਾੜ ਫਾੜ ਕੇ ਲੋਕਾਂ ਨੂੰ ਕੇਵਲ ਸੁਣਾਇਆ ਹੀ ਨਹੀਂ ਬਲਕਿ ਜਨ ਸਮੂਹ ਦੀ ਭਲਾਈ ਲਈ ਅਮਲ ਵਿੱਚ ਲਿਆਂਦਾ। ਅੱਜ ਤਾਂ ਹਿੰਦੁਸਤਾਨ ਵਿਚ ਔਰੰਗਜ਼ੇਬ ਦੀ ਹਕੂਮਤ ਨਹੀਂ। ਕਿਸ ਨੂੰ ਨਹੀਂ ਪਤਾ ਕਿ ਕੁਝ ਅਰਸਾ ਪਹਿਲਾਂ ਤਾਮਿਲਨਾਡੂ ਦੇ ਮਿਨਾਕਸ਼ੀ ਧਰਮ ਦੇ ਅਸਥਾਨਾਂ ਤੇ ਹਜ਼ਾਰਾਂ ਦਲਿਤਾਂ ਨੇ ਇਸਲਾਮ ਧਰਮ ਕਬੂਲਿਆ। ਬੁਤ ਪਰਸਤੀ ਦੇ ਵਿਰੁਧ ਕੇਵਲ ਨਾਅਰੇ ਹੀ ਨਹੀਂ ਮਾਰੇ ਬਲਕਿ ਉਸ ਨੂੰ ਧਰਮ ਵਿਚ ਕਿਸੇ ਭੀ ਸ਼ਕਲ ਵਿਚ ਵੜਨ ਹੀ ਨਹੀਂ ਦਿੱਤਾ। ਰੱਬ ਦੇ ਸ਼ਰੀਕ ਨੂੰ ਬਰਦਾਸ਼ਤ ਨਹੀਂ ਕੀਤਾ। ਜਨ ਸੇਵਾ ਨੂੰ ਈਸਾਈਆਂ ਨੇ ਆਪਣਾਇਆ। ਲੱਖਾਂ ਮਰਦ ਤੇ ਔਰਤਾਂ ਨੇ ਜੀਵਨ ਸਮਰਪਤਿ ਕਰਕੇ ਧਰਮ ਨੂੰ ਸਾਰੀ ਦੁਨੀਆਂ ਵਿਚ ਫੈਲਾਇਆ, ਹਸਪਤਾਲ ਦੇ ਡਾਕਟਰਾਂ, ਸਕੂਲ ਕਾਲਜ ਦੇ ਟੀਚਰਾਂ ਦੇ ਵੇਹਲੇ ਸਮੇਂ ਵਾਧੂ

ਪੈਸੇ ਕਮਾਉਣ ਦੀ ਬਜਾਏ ਗਰੀਬਾਂ ਵਿਚ ਵਿਚਰ ਕੇ ਧਰਮ ਲਈ ਸਤਿਕਾਰ ਪੈਦਾ ਕਰਨ ਦੇ ਨਾਲ ਨਾਲ ਧਰਮ ਵੱਲ ਪਰੇਰਿਆ। ਹਜਰਤ ਈਸਾ ਨੂੰ ਕੇਵਲ ਤਿੰਨ ਸਾਲ ਧਰਮ ਪਰਚਾਰ ਕਰਨ ਦਾ ਅਵਸਰ ਮਿਲਿਆ ਸੀ। ਈਸਾਈ ਧਰਮ ਦਾ ਵਿਕਾਸ ਤਾਂ ਈਸਾਈ ਮਿਸ਼ਨਰੀਆਂ ਦਾ ਚਮਤਕਾਰ ਹੈ। ਭਾਰਤ ਵਿਚ ਇਸਾਈ ਆਸਾਮ, ਨਾਗਾਲੈਂਡ ਤੇ ਮੇਘਾਲਿਆ ਦੇ ਸੂਬਿਆਂ ਵਿਚ ਬਹੁ ਗਿਣਤੀ ਵਿਚ ਵੇਖੇ ਜਾ ਸਕਦੇ ਹਨ। ਅੱਜ ਤਾਂ ਅੰਗਰੇਜ਼ ਦੀ ਹਕੂਮਤ ਨਹੀਂ। ਹੁਣ ਜਰਾ ਸਿੱਖ ਧਰਮ ਦੇ ਵਿਕਾਸ ਵੱਲ ਭੀ ਨਿਗ੍ਹਾ ਮਾਰੀਏ। ਇਸਲਾਮ ਵਰਗਾ ਅਕੀਦਾ ਤੇ ਈਸਾਈ ਵਰਗੀ ਲਗਨ ਸਿੱਖ ਪਰਚਾਰਕ ਵਿੱਚ ਨਹੀਂ। ਨਿਸ਼ਕਾਮ ਸੇਵਾ ਵਿੱਚ ਪਾਣੀ ਦੀਆਂ ਛਬੀਲਾਂ ਲਾਉਣੀਆਂ, ਜਲੂਸਾਂ ਵਿਚ ਫਰੂਟ ਵੰਡਣੇ ਤੇ ਕੀਰਤਨ ਦਰਬਾਰ ਕਰਾਉਣੇ ਤਾਂ ਸ਼ਾਮਿਲ ਹਨ ਪਰ ਧਰਮ ਪਰਚਾਰ ਕਰਨਾ ਸ਼ਾਮਿਲ ਨਹੀਂ। ਜੇ ਸੱਚ ਪੁੱਛੋਂ ਤਾਂ ਸਿਖਾਂ ਵਿੱਚ ਧਰਮ ਪਰਚਾਰ ਨਾਮੀ ਸ਼੍ਰੇਣੀ ਹੀ ਨਹੀਂ। ਗੁਰਦੁਆਰੇ ਦੋ ਭਾਗਾਂ ਵਿੱਚ ਵੰਡੇ ਜਾ ਸਕਦੇ ਹਨ। ਸ਼ਹਿਰੀ ਤੇ ਪੇਂਡੂ। ਪਿੰਡਾਂ ਦੇ ਗੁਰਦੁਵਾਰਿਆਂ ਦੇ ਗ੍ਰੰਥੀਆਂ ਦੀ ਆਰਥਿਕ ਹਾਲਤ ਬਹੁਤ ਤਕੜੀ ਨਹੀਂ ਹੁੰਦੀ ਇਸ ਲਈ ਇਨ੍ਹਾਂ ਨੂੰ ਗਰੰਥੀ ਦੀ ਸੇਵਾ ਕਰਨ ਦੇ ਨਾਲ ਨਾਲ ਅਧਿਕ ਆਮਦਨ ਲਈ ਕਈ ਹੋਰ ਕੰਮ ਭੀ ਕਰਨੇ ਪੈਂਦੇ ਹਨ। ਸ਼ਹਿਰੀ ਗੁਰਦਵਾਰਿਆਂ ਨੂੰ ਭੀ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਇਕ ਇਤਿਹਾਸਕ ਗੁਰਦਵਾਰੇ ਤੇ ਦੂਸਰੇ ਕਲੋਨੀਆਂ ਵਿੱਚ ਬਣਾਈਆਂ ਸਿੰਘ ਸਭਾਵਾਂ। ਅਮੀਰ ਕਾਲੋਨੀਆਂ ਦੀਆਂ ਸਿੰਘ ਸਭਾਵਾਂ ਤੇ ਇਤਿਹਾਸਕ ਗੁਰਦਵਾਰਿਆਂ ਦਾ ਲੇਖਾ ਜੋਖਾ ਤਕਰੀਬਨ ਇਕੋ ਜਿਹਾ ਹੈ। ਗਰੰਥੀ ਗੁਰਦੁਵਾਰੇ ਤੋਂ ਬਾਹਰ ਜਾਕੇ ਰਾਜ਼ੀ ਨਹੀਂ। ਕਾਲੋਨੀ ਦੇ ਸਿੱਖਾਂ ਨਾਲ ਉਸ ਦਾ ਕੋਈ ਲੈਣਾ ਦੇਣਾ ਨਹੀਂ ਕੇਵਲ ਵਿਆਹ ਸ਼ਾਦੀ, ਜਨਮ ਮਰਨ ਦੇ ਸਮਾਗਮਾਂ ਨੂੰ ਛੱਡ ਕੇ। ਰਾਗੀ ਕੇਵਲ ਕੀਰਤਨ ਕਰਦਾ ਹੈ। ਜੇ ਗੁਰਦਵਾਰੇ ਦਾ ਮੁਲਾਜ਼ਮ ਹੈ ਤਾਂ ਗੁਰਦਵਾਰੇ ਵਿੱਚ ਜਾਂ ਭੇਟਾਂ ਲੈ ਕੇ ਘਰਾਂ ਵਿੱਚ, ਜਿਹੜੇ ਸੁਤੰਤਰ ਹਨ ਉਹ ਦਿਨੇ ਰਾਤ ਗੁਰਪੁਰਬ ਤੇ ਕੀਰਤਨ ਦਰਬਾਰਾਂ ਦੇ ਪ੍ਰੋਗਰਾਮਾਂ ਦੀ ਢੂੰਢ ਵਿਚ ਲੱਗੇ ਰਹਿੰਦੇ ਹਨ। ਦਿੱਲੀ ਤੋਂ ਹੋਰ ਵੱਡੇ ਸ਼ਹਿਰਾਂ ਵਿਚ ਤਾਂ ਸੁਤੰਤਰ ਰਾਗੀਆਂ ਦੀਆਂ ਕੋਠੀਆਂ ਅਤੇ ਉਨ੍ਹਾਂ ਅੱਗੇ ਖੜੋਤੀਆਂ ਕਾਰਾਂ ਇਸ ਗੱਲ ਦਾ ਪਰਤੀਕ ਹਨ ਕਿ ਇਹ ਵਪਾਰ ਕਿਤਨੇ ਲਾਹੇ ਦਾ ਹੈ। ਕਿਸੇ ਰਾਗੀ ਜੱਥੇ ਦੀ ਕਿਸੇ ਚੰਗੀ ਸੰਗੀਤ ਸੰਮੇਲਨ ਵਿੱਚ ਜਾ ਕੇ ਕਲਾਸੀਕਲ ਗਾਇਨ ਕਰਨ ਦੀ ਹਿੰਮਤ ਨਹੀਂ। ਇਨ੍ਹਾਂ ਦਾ ਕਹਿਣਾ ਹੈ ਜਦ ਉਨ੍ਹਾਂ ਨੂੰ ਐਂਵੇ ਹੀ ਚੰਗੀ ਆਮਦਨ ਹੋ ਰਹੀ ਹੈ ਤਾਂ ਸੰਗੀਤ ਵਿੱਚ ਮੇਹਨਤ ਕਰਨ ਦੀ ਕੀ ਲੋੜ ਪਈ ਹੈ। ਉਹ ਸੰਗੀਤਕਾਰਾਂ ਵਿਚ ਜਾ ਕੇ ਗਾਇਨ ਕਰਨ ਦਾ ਖਤਰਾ ਕਿਉਂ ਮੁਲ ਲੈਣ ? ਸੰਗੀਤ ਨਿਪੁੰਨਤਾ ਪਹਿਚਾਣ ਬਣਾਉਣ ਦੀ ਬਜਾਏ, ਇਨ੍ਹਾਂ ਨੇ ਰੰਗ ਬਰੰਗੀਆਂ ਪਗੜੀਆਂ, ਗਲੇ ਵਿਚ ਪਰਨੇ ਤੇ ਹੱਥਾਂ ਵਿੱਚ ਤਿੰਨ ਫੁਟੀ ਤਲਵਾਰ ਨੂੰ ਪਹਿਚਾਣ ਬਣਾ ਲਿਆ ਹੈ। ਸਿੱਖਾਂ ਵਿੱਚ ਧਰਮ ਪਰਚਾਰਕਾਂ ਦੀ ਲਾਇਨ ਵਿੱਚ ਗਰੀਬ ਘਰਾਂ ਦੇ ਲਾਵਾਰਿਸ ਤੇ ਸਿੱਧੜ ਬੱਚੇ ਆਉਂਦੇ ਹਨ। ਇਸੇ ਲਈ ਇਨ੍ਹਾਂ ਨੂੰ ਸਿੱਖ ਸਮਾਜ ਦੀ ਪੌੜੀ ਦਾ ਸੱਭ ਤੋਂ ਹੇਠਲਾ ਡੰਡਾ ਸਮਝਿਆ ਜਾਂਦਾ ਹੈ। ਪਰ ਉਸ ਨੂੰ ਗੁਰੂ ਦਾ ਵਜ਼ੀਰ ਕਹਿੰਦਿਆਂ ਭੀ ਸ਼ਰਮ ਨਹੀਂ ਆਉਂਦੀ। ਈਸਾਈਆਂ ਵਿੱਚ ਪਾਦਰੀ ਦੀ ਪਦਵੀ ਵਜ਼ੀਰਾਂ ਤੋਂ ਜੇ ਵੱਧ ਨਹੀਂ ਤਾਂ ਘੱਟ ਵੀ ਨਹੀਂ। ਤਖਤਾਂ ਦੇ ਜੱਥੇਦਾਰ ਪਰਬੰਧਕਾਂ ਦੇ ਮੁਲਾਜ਼ਮ ਹਨ। ਇਸ ਲਈ ਉਨ੍ਹਾਂ ਨੂੰ ਕੌਮ ਵੱਲੋਂ ਚੁਣੇ ਹੋਏ ਨਹੀਂ ਕਿਹਾ ਜਾ ਸਕਦਾ। ਸਾਰਨਾਥ ਤੋਂ ਬੁੱਧ ਨੇ ਪਰਚਾਰਕ ਤੋਰੇ ਸਨ ਪਰ ਸੁਲਤਾਨਪੁਰ ਤੋਂ ਗੁਰੂ ਸਾਹਿਬ ਆਪ ਤੁਰੇ ਸਨ। ਬੁੱਧ ਧਰਮ ਦੇ ਏਸ਼ੀਆਂ ਦੇ ਹਰ ਦੇਸ਼ ਵਿਚ ਪਰਫੁਲਤ ਹੋਣ ਦਾ ਮੂਲ ਕਾਰਨ ਬੋਧੀਆਂ ਵਲੋਂ ਕੀਤੀ ਸਵੈ ਪੜਚੋਲ ਹੈ। ਹਰ ਸਦੀ ਵਿਚ ਭਿਕਸ਼ੂ ਸੰਮੇਲਨ ਹੁੰਦੇ ਹਨ।, ਠੋਸ ਫੈਸਲੇ ਕੀਤੇ ਤੇ ਉਸ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਤੁਰ ਪਏ। ਹਰ ਅਗਲੇ ਸੰਮੇਲਨ ਵਿੱਚ ਪਿਛਲਾ ਲੇਖਾ ਜੋਖਾ ਕੀਤਾ ਤੇ ਨਵੇਂ ਨਿਸ਼ਾਨੇ ਉਲੀਕੇ । ਭਿਸ਼ਕੂਆਂ ਨੇ ਹੀ ਬੁੱਧ ਜੀ ਦੇ ਸੰਦੇਸ਼ ਤੇ ਉਦਪੇਸ਼ ਇੱਕਠੇ ਕੀਤੇ ਤੇ ਧਰਮ ਗਰੰਥ ਤਿਆਰ ਕੀਤੇ।

ਸਮਰਾਟ ਅਸ਼ੋਕ ਦਾ ਬੁੱਧ ਧਰਮ ਦੇ ਵਿਕਾਸ ਵਿੱਚ ਯੋਗਦਾਨ ਦੁਨੀਆਂ ਦੇ ਇਤਿਹਾਸ ਵਿੱਚ ਸਦਾ ਸੁਨਿਹਰੀ ਅੱਖਰਾਂ ਵਿੱਚ ਲਿਖਿਆ ਜਾਏਗਾ। ਆਪਣੇ ਪੁੱਤਰ ਮਹਿੰਦਰੂ ਨੂੰ ਭਿਕਸ਼ੂ ਬਣਾ ਭਿਕਸ਼ੂਆਂ ਦੇ ਜਥੇ ਨਾਲ ਲੰਕਾ ਭੇਜਿਆ। ਕੁਝ ਅਰਸੇ ਬਾਅਦ ਲੰਕਾਂ ਦੀਆਂ ਰਾਣੀਆਂ ਨੂੰ ਬੁੱਧ ਧਰਮ ਦੀ ਸਿਖਿਆ ਦੇਣ ਦੀ ਲੋੜ ਪਈ ਤਾਂ ਅਸ਼ੋਕ ਨੇ ਆਪਣੀ ਪੁੱਤਰੀ ਸੰਘਮਿਤਰਾ ਨੂੰ ਭਿਕਸ਼ੂ ਬਣਾ ਕੇ ਲੰਕਾ ਭੇਜਿਆ। ਧਰਮ ਤੇ ਨੀਤੀ ਅਨੁਸਾਰ ਰਾਜ ਕਾਜ ਚਲਾਉਣ ਦੀ ਜਿੰਮੇਵਾਰੀ ਮੰਤਰੀ ਮੰਡਲ ਨੂੰ ਸੌਂਪ ਕੇ ਆਪ ਭੀ ਧਰਮ ਪਰਚਾਰ ਵਿਚ ਜੁਟ ਗਿਆ। ਹੁਣ ਅਸੀਂ ਸਿੱਖ ਮਹਾਰਾਜਿਆਂ ਦੀਆਂ ਧਰਮ ਪਰਚਾਰ ਵਿੱਚ ਕੀਤੀਆਂ ਸੇਵਾਂਵਾਂ ਦਾ ਭੀ ਜਾਇਜ਼ਾ ਲਈਏ ਸਤਲੁਜ ਦੇ ਇਕ ਪਾਸੇ ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਸਲਤਨਤ ਸੀ ਤੇ ਦਰਿਆ ਦੇ ਦੂਜੇ ਪਾਸੇ ਅੰਗਰੇਜ਼ਾਂ ਦੀ ਹਿਫਾਜ਼ਤ ਵਿੱਚ ਸਿੱਖ ਰਿਆਸਤਾਂ ਸਨ। ਦੋਨਾਂ ਹਿੱਸਿਆ ਵਿੱਚ ਉਨ੍ਹਾਂ ਮਹਾਰਾਜਿਆਂ ਦੇ ਤਿੰਨ ਸ਼ੌਕ ਸਨ ਤੇ ਉਹ ਸਨ ਸ਼ਰਾਬ ਅਫੀਮ ਤੇ ਔਰਤ। ਜਦੋਂ ਸਿੱਖ ਰਾਜ 1849 ਵਿੱਚ ਖਤਮ ਹੋਇਆ ਤਾਂ ਕੁਝ ਅਰਸੇ ਬਾਅਦ ਸਿੱਖੀ ਸਰੂਪ ਵਾਲੇ ਦੀ ਗਿਣਤੀ ਬਹੁਤ ਘੱਟ ਗਈ। ਇਸ ਤੋਂ ਸਾਬਿਤ ਹੋਇਆ ਕਿ ਸਿੱਖੀ ਦੇ ਪਰਚਾਰ ਵਿੱਚ ਰਾਜ ਬੱਲ ਕਦੀ ਸਹਾਈ ਨਹੀਂ ਹੋਇਆ। ਅੱਜ ਸਿੱਖਾਂ ਕੋਲ ਨਰੋਆ ਤੇ ਸਹੀ ਕਿਸਮ ਦਾ ਪੰਥਕ ਸੰਗਠਨ ਨਹੀਂ, ਮਜ਼ੇ ਦੀ ਗੱਲ ਇਹ ਹੈ ਕਿ ਧਰਮ ਪਰਚਾਰ ਪੰਥਕ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੀ ਨਹੀਂ। ਜਿਸ ਤਰ੍ਹਾਂ ਜਲੂਸ, ਲੰਗਰ, ਕੀਰਤਨ ਦਰਬਾਰਾਂ ਹਰ ਗਲੀ ਮੁਹੱਲੇ ਵਿਚ ਗੁਰਦਵਾਰਿਆਂ ਦੀ ਉਸਾਰੀ ਸ਼ਾਮਿਲ ਹੈ। ਸਿੱਖੀ ਸਰੂਪ ਦੇ ਕੌਮੀ ਵਜੂਦ ਨੂੰ ਇੰਨਾਂ ਖਤਰਾ ਗੁਆਂਢੀਆਂ ਕੋਲੋਂ ਨਹੀਂ ਜਿਤਨਾ ਆਪਣੀ ਨਾਅਹਿਲੀ ਕੋਲੋਂ ਹੈ। ਸਿੱਖ ਇਤਿਹਾਸ ਦੀ ਕਿਤਾਬ ਮੈਦਾਨ ਜੰਗ ਵਿੱਚ

ਲੜ ਮਰਨ ਅੰਗਰੇਜ਼ਾਂ ਦੇ ਵਿਰੁੱਧ ਜਦੋਂ ਜਹਿਦ ਵਿਚ ਜਾਨਾਂ ਦੀ ਅਹੁਤੀ ਦੇਣ ਤੇ ਗੁਰਦਵਾਰਿਆਂ ਨੂੰ ਕਬਜ਼ਾਉਣ ਲਈ ਕੀਤੀਆਂ ਸ਼ਹੀਦੀਆਂ ਨਾਲ ਭਰੀ ਪਈ ਹੈ, ਪਰ ਧਰਮ ਪਰਚਾਰ ਕਰਦਿਆਂ ਕਿਸੇ ਦੀ ਸ਼ਹੀਦੀ ਦਾ ਕੋਈ ਨਾਮ ਨਹੀਂ ਮਿਲਦਾ। ਕਿਸੇ ਨੇ ਧਰਮ ਪਰਚਾਰ ਕਰਦਿਆਂ ਜਾਨ ਨਹੀਂ ਗੁਆਈ। ਸਿੱਖਾਂ ਵਿੱਚ ਧਰਮ ਰਾਜਨੀਤੀ ਦੀ ਸੇਵਾ ਵਿੱਚ ਲਗਾ ਹੋਇਆ ਹੈ। ਅੱਜ ਸਿੱਖ ਰਾਜਨੀਤੀ ਗੁਰਦਵਾਰਿਆਂ ਦੀ ਗੋਲਕ ਤੇ ਨਿਰਭਰ ਹੈ। ਕੀ ਤੁਸੀਂ ਸਿਆਸੀ ਪਾਰਟੀਆਂ ਦੇ ਦਫਤਰ ਮਸੀਤਾਂ ਗਿਰਜਾ ਘਰਾਂ ਤੇ ਮੰਦਰਾ ਵਿੱਚ ਵੇਖੇ ਹਨ? ਇਹ ਕੇਵਲ ਸਿੱਖ ਧਰਮ ਦੇ ਪੱਲੇ ਹੀ ਪਿਆ ਹੈ। ਇਤਿਹਾਸਕ ਗੁਰਦਵਾਰਿਆਂ ਵਿੱਚ ਸਿਆਸੀ ਪਾਰਟੀਆਂ ਦੇ ਦਫਤਰ ਵੇਖੇ ਜਾ ਸਕਦੇ ਹਨ। ਇਸੇ ਲਈ ਇਹਨਾਂ ਨੂੰ ਚੰਦੇ ਇੱਕਠਾ ਕਰਨ ਦੀ ਕੋਈ ਲੋੜ ਨਹੀਂ । ਗੁਰਦੁਆਰਾ ਫੰਡ ਜੋ ਹੈ। ਕਹਿਣ ਨੂੰ ਤੇ ਕੌਮ ਨੂੰ ਧੋਖਾ ਦੇਣ ਲਈ ਇਹ ਪੰਥਕ ਜੱਥੇ ਬੰਦੀਆਂ ਹਨ, ਪਰ ਇਨ੍ਹਾਂ ਵਿਚੋਂ ਧਰਮ ਪੰਖ ਲਗਾ ਕੇ ਉਡ ਗਿਆ। ਪੰਥਕ ਜੱਥੇਬੰਦੀਆਂ ਵਿੱਚ ਗੁਰੂ ਰੂਪ ਖਾਲਸੇ ਦਾ ਤਸੱਵਰ ਖਤਮ ਹੋਣ ਕਾਰਨ ਸਿੱਖ ਸਮਾਜ ਕਈ ਰੂਪਾਂ ਵਿੱਚ ਵੰਡਿਆ ਜਾ ਚੁੱਕਾ ਹੈ। ਸਿੱਖਾਂ ਵਿੱਚ ਧਾਰਮਿਕ ਮਿਆਰ ਦੀ ਗਿਰਾਵਟ ਦਾ ਇਕ ਕਾਰਨ ਗੋਲਕ ਭੀ ਹੈ। ਸਾਡੇ ਨਾਲੋਂ ਤਾਂ ਆਰੀਆ ਸਮਾਜੀ ਚੰਗੇ ਹਨ। ਜਿਨ੍ਹਾਂ ਨੇ ਆਪਣੇ ਮੰਦਰਾਂ ਵਿੱਚ ਗੋਲਕ ਵੜਨ ਹੀ ਨਹੀਂ ਦਿੱਤੀ। ਇਸ ਸੰਸਥਾ ਦੇ ਅਧੀਨ ਚਲ ਰਹੇ ਕਾਲਜ ਤੇ ਸਕੂਲ ਵੇਖ ਆਦਮੀ ਦੰਗ ਰਹਿ ਜਾਂਦਾ ਹੈ। ਦਾਨ ਹਰ ਧਰਮ ਵਿੱਚ ਹੈ ਤੇ ਦਾਨ ਤੋਂ ਬਗੈਰ ਧਰਮਾਂ ਦੇ ਖਰਚੇ ਪੂਰੇ ਨਹੀਂ ਹੋ ਸਕਦੇ। ਪਰ ਫੰਡ ਇੱਕਠਾ ਕਰਨ ਦਾ ਢੰਗ ਵੱਖਰਾ ਹੈ। ਲੋਕ ਦਫਤਰ ਵਿੱਚ ਜਾਂਦੇ ਹਨ ਤੇ ਮਾਇਆ ਦੇ ਕੇ ਰਸੀਦ ਲੈਂਦੇ ਹਨ। ਪਰ ਸਾਡਾ ਤਾਂ ਬਾਬਾ ਆਦਮ ਹੀ ਨਿਰਾਲਾ ਹੈ। ਕੜਾਹ ਪਰਸ਼ਾਦ ਲਈ ਮਾਇਆ ਦਾ ਜੱਦ ਤੱਕ ਜ਼ਿਕਰ ਅਰਦਾਸ ਵਿੱਚ ਨਾ ਆਵੇ , ਦਾਨੀ ਦੀ ਤਸੱਲੀ ਨਹੀਂ ਹੁੰਦੀ। ਜੇ ਕਿਧਰੇ ਗਰੰਥੀ ਕੋਲੋਂ ਕਿਸੇ ਗੁਰਮੁੱਖ ਦਾ ਅਰਦਾਸ ਵਿੱਚ ਨਾਂ ਲੈਣਾ ਰਹਿ ਜਾਵੇ ਤਾਂ ਸਮਝੋ ਤੂਫਾਨ ਖੜਾ ਹੋ ਗਿਆ। ਕਿਸੇ ਵੇਲੇ ਸੌ ਦੋ ਸੌ ਮਹੰਤ ਗੁਰਦੁਵਾਰਿਆਂ ਨੂੰ ਖਾ ਰਹੇ ਸਨ। ਅੱਜ ਤਾਂ ਇਨ੍ਹਾਂ ਮਹੰਤਾਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ ਹੈ। ਚਾਹੀਦਾ ਹੈ ਕਿ ਇਕ ਕੇਂਦਰੀ ਸੰਸਥਾ ਬਣਾਈ ਜਾਵੇ ਜਿਸ ਵਿੱਚ ਮੌਜੂਦਾ ਪਰਚਾਰਕ ਸੰਸਥਾਵਾਂ ਸ਼ਾਮਿਲ ਕਰ ਦਿੱਤੀਆਂ ਜਾਣ। ਹਰ ਸਿੱਖ ਆਪਣਾ ਦਸਵੰਦ ਦੇ ਤੌਰ ਤੇ ਹੋਰ ਮਾਇਕ ਸਹਾਇਤਾ ਇਸ ਕੇਂਦਰੀ ਸੰਸਥਾ ਨੂੰ ਦੇਵੇ। ਉਹ ਸੰਸਥਾ ਕੇਵਲ ਧਰਮ ਪਰਚਾਰ ਕਰੇ। ਇਸ ਦਾ ਕੋਈ ਅਹੁਦੇਦਾਰ ਕਿਸੇ ਭੀ ਸਿੱਖ ਜਾਂ ਗੈਰ ਸਿੱਖ ਸਿਆਸੀ ਪਾਰਟੀ ਦਾ ਮੈਂਬਰ ਨਹੀਂ ਬਣ ਸਕਦਾ। ਇਹ ਸੰਸਥਾ ਇੱਕਠ ਕਰਵਾ ਕੇ ਫੈਸਲੇ ਲਵੇ। ਈਸਾਈ ਮਿਸ਼ਨਰੀਆਂ ਦੀ ਤਰ੍ਹਾਂ ਸਿੱਖ ਮਿਸ਼ਨਰੀ ਮੁਲਾਜਮ ਰੱਖੇ । ਪਰਚਾਰ ਗੁਰਦਵਾਰਿਆਂ ਤੋਂ ਬਾਹਰ ਜਨ ਸਮੂਹ ਵਿੱਚ ਕੀਤਾ ਜਾਵੇ। ਕੌਮ ਦੇ ਵਿਦਵਾਨਾਂ ਨੂੰ ਸੰਗਠਨ ਕਰ ਉਨ੍ਹਾਂ ਦੀ ਵਿਦਵਤਾ ਦਾ ਲਾਭ ਉਠਾਇਆ ਜਾਏ। ਨਿਸ਼ਕਾਮ ਜੱਥਿਆਂ ਨਾਲ ਧਰਮ ਦਾ ਵਿਕਾਸ ਨਹੀਂ ਹੋ ਸਕਦਾ। ਪਿਛੜੀਆਂ ਜਾਤੀਆਂ ਤੇ ਸਮਾਜ ਦੇ ਦੁਬਲੇ ਕੁਚਲੇ ਲੋਕਾਂ ਨੂੰ ਸਿੱਖੀ ਵਿੱਚ ਸ਼ਾਮਿਲ ਕੀਤਾ ਜਾਵੇ। ਇਸ ਤਰ੍ਹਾਂ ਲੋਕ ਸੇਵਾ ਭੀ ਹੋਵੇ ਤੇ ਧਰਮ ਦਾ ਫੈਲਾਉ ਭੀ। ■


*With compliments from*

**J.S. AHLUWALIA**

***Manager***

**Akali Baba Phoola Singh Khalsa Sr. Sec. School**

***Chairman***

**Guru Harkishan Public School, Karol Bagh, New Delhi**

**WALIA MEDICAL STORE**
**6, Baba Phoola Singh Market**
**Rajinder Nagar, New Delhi - 60**

**Ph : (O) 5732053**
**5764906**
**(R) 5719043**



*With compliments from*

G

**J.S. Bindra**
Managing Director

GYAN LEATHERBOARD LTD.
( AN INDO-ITALIAN JOINT VENTURE )

SENTHIL TOWER, A-1, FIRST AVENUE, ASHOK NAGAR, CHENNAI 600 083
PHONE : 4891926 / 4893852 FAX : 4893851 email : bindra@giasmd01.vsnl.net.in
NEW DELHI - CHENNAI - PONDICHERRY

# ਭਾਈ ਗੋਪਾਲ ਸਿੰਘ ਜੀ ਰਾਗੀ

## ਮਹਿੰਦਰ ਸਿੰਘ ਗਿਆਨੀ

ਭਾਈ ਗੋਪਾਲ ਸਿੰਘ ਜੀ ਰਾਗੀ ਨਾਲ ਲੇਖਕ ਦਾ ਮੇਲ ਸੰਨ 1970 ਵਿਚ ਹੋਇਆ, ਜਦ ਸਰਦਾਰ ਮੇਹਰ ਸਿੰਘ ਜੀ 'ਚੱਢਾ' ਈਰਾਨ ਵਾਲੇ, ਇਨ੍ਹਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਖੇ ਮੇਰੇ ਪਾਸ ਤਸ਼ਰੀਫ ਲਿਆਏ। ਉਨ੍ਹਾਂ ਦਿਨਾਂ ਵਿਚ ਭਾਈ ਸਾਹਿਬ, ਗੁਰਦੁਆਰਾ ਸੀਸਗੰਜ ਸਾਹਿਬ, ਦਿੱਲੀ ਵਿਖੇ ਕੀਰਤਨ ਦੀ ਸੇਵਾ ਨਿਭਾਅ ਰਹੇ ਸਨ ਤੇ 'ਚੱਢਾ' ਸਾਹਿਬ ਇਨ੍ਹਾਂ ਦੇ ਕੀਰਤਨ ਤੋਂ ਪ੍ਰਭਾਵਿਤ ਹੋ ਕੇ, ਇਨ੍ਹਾਂ ਨੂੰ ਆਪਣੇ ਖ਼ਰਚ ਪੁਰ ਇਕ ਸਾਲ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਉਣ ਲਈ ਮਨਾ ਲਿਆਏ ਸਨ। ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਹੈੱਡ ਗ੍ਰੰਥੀ ਭੀ ਨਾਲ ਸਨ। ਦੀਰਘ ਵਿਚਾਰ ਉਪਰੰਤ ਅਸਾਂ ਸ਼੍ਰੋ: ਕਮੇਟੀ ਦੇ ਤਤਕਾਲੀ ਪਰਧਾਨ ਸੰਤ ਚੰਨਣ ਸਿੰਘ ਜੀ ਨਾਲ ਵਿਚਾਰ ਕੀਤੀ ਅਤੇ ਪ੍ਰਵਾਨਗੀ ਮਿਲਣ ਉਪਰੰਤ ਭਾਈ ਗੋਪਾਲ ਸਿੰਘ ਜੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੇਵਾ ਮੁਕਤ ਹੋ ਕੇ ਸ੍ਰੀ ਅੰਮ੍ਰਿਤਸਰ ਆ ਗਏ। ਇਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ 'ਬੁੰਗਾ ਰਾਮਗੜ੍ਹੀਆ' ਵਿਚ ਕੀਤਾ ਗਿਆ ਸੀ।

ਇਨ੍ਹਾਂ ਦੇ ਕੀਰਤਨੀ ਜੱਥੇ ਵਿਚ ਇਨ੍ਹਾਂ ਦੇ ਹੀ ਸ਼ਾਗਿਰਦ ਭਾਈ ਦਿਲਬੀਰ ਸਿੰਘ ਤੇ ਭਾਈ ਦਿਲਦਾਰ ਸਿੰਘ ਜੀ ਸਨ। ਪਹਿਲੇ ਦਿਨ ਸੇਵਾ 'ਤੇ ਹਾਜ਼ਰ ਹੋ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਈ ਗੋਪਾਲ ਸਿੰਘ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕਰਦਿਆਂ ਆਪਣੀ ਸ਼ਰਧਾ ਭਰੀ ਜਗਿਆਸਾ ਪ੍ਰਗਟ ਕਰਨ ਹਿੱਤ "ਡਿਠੇ ਸਭੇ ਥਾਵ ਨਹੀ ਤੁਧੁ ਜੇਹਾ" ਦਾ ਸ਼ਬਦ ਬੜੀ ਸੁਰੀਲੀ ਅਵਾਜ਼ ਵਿਚ ਪੜ੍ਹਿਆ ਤਾਂ ਇਕ ਚਮਤਕਾਰੀ ਰਸ ਸੰਗਤਾਂ ਨੂੰ ਪ੍ਰਾਪਤ ਹੋਇਆ। ਸ੍ਰੀ ਹਰਿਮੰਦਰ ਸਾਹਿਬ ਦਾ ਪਵਿੱਤਰ ਤੇ ਸ਼ਾਂਤਮਈ ਵਾਤਾਵਰਣ, ਅੰਮ੍ਰਿਤ-ਸਰੋਵਰ ਵਿਚ ਉਮੰਗਦੀਆਂ ਮਨਮੋਹਕ ਲਹਿਰਾਂ, ਅੰਮ੍ਰਿਤ ਵੇਲਾ, ਚਾਰੇ ਪਾਸੇ ਸ਼ਾਂਤੀ ਦਾ ਮਾਹੌਲ, ਮਿੱਠੀ ਮਿੱਠੀ ਰੁਮਕ ਰਹੀ ਪੌਣ। ਗੁਰਸਿੱਖਾਂ ਦੀ ਸ਼ਰਧਾ ਸਹਿਤ ਕੀਰਤਨ ਸਰਵਣ ਕਰਨ ਦੀ ਅਭਿਲਾਖਾ ਅਤੇ ਸੁਰੀਲੇ ਗਲੇ ਵਿਚੋਂ ਨਿਕਲਦੀ ਅਵਾਜ਼ ਨੇ ਇੱਕ ਅਦੁੱਤੀ ਮਾਹੌਲ ਸਾਜਿਆ। ਸੰਗਤਾਂ ਕੀਰਤਨ ਵਿਚ ਮੁਗਧ ਹੋ ਗਈਆਂ। ਬਸ ! ਫਿਰ ਕੀ ਸੀ ! ਭਾਈ ਗੋਪਾਲ ਸਿੰਘ ਦੇ ਮਨੋਹਰ ਤੇ ਰਸਦਾਇਕ ਕੀਰਤਨ ਦੀਆਂ ਧੁੰਮਾਂ ਪੈ ਗਈਆ। ਰੋਜ਼ਾਨਾ ਸਵੇਰੇ ਸ੍ਰੀ ਆਸਾ ਦੀ ਵਾਰ ਅਤੇ ਸ਼ਾਮੀ ਸੋਦਰ ਦੀ ਚੌਂਕੀ ਸਮੇਂ ਸੰਗਤਾਂ ਉਮਡ ਪੈਂਦੀਆਂ। ਸ੍ਰੀ ਹਰਿਮੰਦਰ ਸਾਹਿਬ ਅਤੇ ਇਸਦੀ ਅੰਦਰਲੀ-ਉਪਰਲੀ ਮੰਜ਼ਿਲ, ਛੋਟੀਆਂ ਪਰਕਰਮਾਂ, ਦਰਸ਼ਨੀ ਡਿਉੜ੍ਹੀ ਤੋਂ ਸ੍ਰੀ ਹਰਿਮੰਦਰ ਸਾਹਿਬ ਜਾਣ ਵਾਲਾ ਪੁੱਲ, ਅੰਮ੍ਰਿਤ ਸਰੋਵਰ ਦੀ ਵੱਡੀ ਪਰਕਰਮਾ, ਅੰਮ੍ਰਿਤ ਤੋਂ ਖਾਲੀ ਸਰੋਵਰ ਦੇ ਪੌੜਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਅਗਲਾ ਦੀਵਾਨ ਅਸਥਾਨ ਕੀਰਤਨ ਦੇ ਸ਼ਰਧਾਲੂਆਂ ਨਾਲ ਭਰੇ ਰਹਿੰਦੇ। ਤਿੱਲ ਮਾਰਿਆਂ ਭੁੰਜੇ ਨਹੀਂ ਸਨ ਪੈਂਦੇ।

ਭਾਈ ਗੋਪਾਲ ਸਿੰਘ ਜੀ, ਜਿੰਨਾਂ ਸਮਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦੇ ਰਹੇ, ਗੁਰੂ ਕਿਰਪਾ ਦੇ ਭਿਖਾਰੀ ਬਣ ਕੇ ਅਨਿਨ ਸਿੱਖ ਸੇਵਕ ਵਾਕਰਾਂ ਬੜੇ ਉਤਸ਼ਾਹ, ਉਮਾਹ, ਸਨੇਹ ਤੇ ਅਗਾਧ ਸ਼ਰਧਾ ਨਾਲ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਗਤਾਂ ਨੇ ਭੀ ਅਥਾਹ ਪ੍ਰੇਮ ਤੇ ਸਤਿਕਾਰ ਦਿੱਤਾ।

ਇਨ੍ਹਾਂ ਵੱਲੋਂ ਵਜਦ ਵਿਚ ਆ ਕੇ ਪੜ੍ਹੇ ਜਾਂਦੇ "ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ", "ਗੁਰੂ ਨਾਨਕੁ ਜਿਨ ਸੁਣਿਆ ਪੇਖਿਆ", "ਰਾਮਦਾਸਿ ਸਰੋਵਰ ਨਾਤੇ", "ਤੁਝ ਬਿਨੁ ਕਵਨੁ ਹਮਾਰਾ", "ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ" ਆਦਿ ਸ਼ਬਦਾਂ ਦਾ ਕੀਰਤਨ ਸੁਣਕੇ ਸੰਗਤਾਂ ਵਜਦ ਵਿਚ ਆ ਜਾਂਦੀਆਂ। ਉਨ੍ਹਾਂ ਦਾ ਪੂਰਾ ਯਤਨ ਹੁੰਦਾ ਸੀ ਕਿ ਰੋਜ਼ਾਨਾ ਨਵੇਂ-ਨਵੇਂ ਸ਼ਬਦਾਂ ਦਾ ਕੀਰਤਨ ਸੰਗਤਾਂ ਨੂੰ ਸਰਵਣ ਕਰਾਇਆ ਜਾਵੇ ਅਤੇ ਉਹ ਇਸ ਖ਼ਾਹਿਸ਼ ਵਿਚ ਸਫ਼ਲ ਰਹੇ। ਲੇਖਕ ਨੇ ਉਨ੍ਹੀਂ ਦਿਨੀ ਹੀ 'ਗੁਰਦੁਆਰਾ ਗਜ਼ਟ' ਵਿਚ ਆਪਣੇ ਵਾਕੁਰਾਂ ਸ਼ਬਦਾਂ ਦਾ ਭੰਡਾਰ ਭਰਨ ਅਤੇ ਸੰਗਤਾਂ ਨੂੰ ਕੀਰਤਨ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਹਿੱਤ ਪ੍ਰੇਰਨਾ ਕੀਤੀ ਸੀ।

ਸਵਰਗੀ ਸਰਦਾਰ ਮੇਹਰ ਸਿੰਘ ਜੀ 'ਚੱਢਾ' ਭਾਈ ਗੋਪਾਲ ਸਿੰਘ ਜੀ ਨੂੰ ਲਿਆਏ ਤਾਂ ਇਕ ਸਾਲ ਲਈ ਸੀ, ਪਰ ਸਿੱਖ ਸੰਗਤਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਸੇਵਕਾਂ ਵੱਲੋਂ ਬੇਨਤੀ ਕਰਕੇ ਇਨ੍ਹਾਂ ਨੂੰ ਪੱਕੇ ਤੌਰ ਪੁਰ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਨ ਲਈ ਮਨਾ ਲਿਆ।

ਭਾਈ ਗੋਪਾਲ ਸਿੰਘ ਦੇ ਕੀਰਤਨ ਦੀ ਸੁਗੰਧੀ ਦੂਰ-ਦੂਰ ਤੀਕ ਫੈਲ ਗਈ। ਪੰਜਾਬ ਤੋਂ ਬਾਹਰੋਂ ਭੀ ਸਿੱਖ ਸੰਗਤਾਂ ਕੀਰਤਨ ਸਰਵਣ ਕਰਨ ਲਈ ਆਉਣ ਲੱਗ ਪਈਆਂ। ਸਿੱਖ ਸੰਗਤਾਂ ਨੇ ਇਨ੍ਹਾਂ ਦੇ ਕੀਰਤਨ ਦੀਆਂ ਟੇਪਾਂ ਭਰ ਕੇ ਘਰ-ਘਰ ਸੁਣਨ ਦਾ ਉੱਤਮ ਰਿਵਾਜ ਬਣਾ ਲਿਆ।

ਇਕ ਦਿਨ ਸ਼ਾਮੀ ਬੰਬਈ ਤੋਂ ਪ੍ਰਸਿੱਧ ਕਲਾਕਾਰ ਸ੍ਰੀ ਬਲਰਾਜ ਸਾਹਨੀ ਜੀ ਆਪਣੇ ਮਿੱਤਰ ਨਾਲ ਮੇਰੇ ਮਕਾਨ ਤੇ ਤਸ਼ਰੀਫ਼ ਲਿਆਏ ਅਤੇ ਭਾਈ ਗੋਪਾਲ ਸਿੰਘ ਜੀ ਦਾ ਕੀਰਤਨ ਸਰਵਣ ਕਰਨ ਦੀ ਖ਼ਾਹਿਸ਼ ਪ੍ਰਗਟ ਕਰਨ 'ਤੇ ਮੈਂ ਉਨ੍ਹਾਂ ਨੂੰ ਉਸੇ ਰਾਤ 'ਸੈਂਟਰਲ ਖਾਲਸਾ ਯਤੀਮਖਾਨਾ' ਵਾਲੇ ਗੁਰਦੁਆਰੇ ਸਾਹਿਬ ਵਿਖੇ ਹੋਣ ਵਾਲੇ ਪ੍ਰੋਮਗਰਾਮ ਤੋਂ ਜਾਣੂ ਕਰਵਾ ਕੇ ਨਾਲ ਲੈ ਗਿਆ। ਸੰਗਤਾਂ ਦਾ ਬਹੁਤ ਵੱਡਾ ਇੱਕਠ ਸੀ, ਇਸ ਲਈ ਅਸਾਂ ਬਾਹਰ ਬੈਠ ਕੇ ਹੀ ਕੀਰਤਨ ਦਾ ਰਸ ਮਾਣਿਆ। ਸ੍ਰੀ ਬਲਰਾਜ ਸਾਹਨੀ ਜੀ ਇਕ ਮਨ ਹੋ ਕੇ ਕੀਰਤਨ ਸੁਣਦੇ ਰਹੇ ਅਤੇ ਅਨੰਦ-ਅਨੰਦ ਹੋ ਗਏ। ਕੀਰਤਨ ਦੀ ਸਮਾਪਤੀ ਉਪਰੰਤ

ਆਪ ਨੇ ਭਾਈ ਗੋਪਾਲ ਸਿੰਘ ਜੀ ਨੂੰ ਮਿਲ ਕੇ ਉਹਨਾਂ ਦੇ ਕੀਰਤਨ ਦੀ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਦੇ ਸੁਰੀਲੇ ਗਲੇ ਦੀ ਭੀ ਵਿਸ਼ੇਸ਼ ਸਰਾਹਨਾ ਕੀਤੀ। ਕੀਰਤਨ ਸਰਵਣ ਕਰਨ ਲਈ ਮਿਲੇ ਉਸ ਅਵਸਰ ਲਈ ਵੀ ਆਪਣੀ ਕ੍ਰਿਤਗਯਤਾ ਪ੍ਰਗਟਾਈ।

ਭਾਈ ਗੋਪਾਲ ਸਿੰਘ ਜੀ ਜਿੱਥੇ ਉੱਚ-ਕੋਟੀ ਦੇ ਕੀਰਤਨੀਏ ਸਨ, ਉੱਥੇ ਉਹ ਬੜੇ ਹੀ ਨਿਰਮਾਨ, ਨਿਸ਼ਕਾਮ, ਨਿਸ਼ਕਪਟ, ਮਿੱਠ ਬੋਲੜੇ, ਈਮਨਦਾਰ ਤੇ ਲਾਲਚ ਤੋਂ ਰਹਿਤ, ਸੰਤੋਖੀ ਅਤੇ ਸਮੇਂ ਤੇ ਫ਼ਰਜ਼ ਦੇ ਪਾਬੰਦ ਸਨ। ਉਹ ਸਭ ਨੂੰ ਹੱਸ ਕੇ ਮਿਲਦੇ। ਆਏ ਦਾ ਆਦਰ ਕਰਦੇ। ਬੜੇ ਕੋਮਲ ਤੇ ਮਿਲਣਸਾਰ ਸੁਭਾਅ ਵਾਲੇ ਸਨ। ਨਿਮਰਤਾ ਦੇ ਪੁੰਜ ਸਨ। ਈਰਖਾ-ਬਖੀਲੀ ਕਦੇ ਉਹਨ੍ਹਾਂ ਦੇ ਨੇੜੇ ਨਹੀਂ ਸੀ ਢੁੱਕੀ। ਗਲਾ ਬੜਾ ਸੁਰੀਲਾ ਸੀ। ਕੀਰਤਨ ਵਿਚ ਮਿਕਨਾਤੀਸੀ ਸ਼ਕਤੀ ਸੀ। ਸੰਗਤਾਂ ਕੀਰਤਨ ਸੁਣਨ ਲਈ ਖਿੱਚੀਆਂ ਚਲੀਆਂ ਆਉਂਦੀਆਂ ਸਨ।

ਇਸ ਸਮੇਂ ਦੌਰਾਨ ਭਾਈ ਸਾਹਿਬ ਦਾ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਅਤੇ ਗ੍ਰੰਥੀ ਸਾਹਿਬਾਨ, ਲੇਖਕ ਅਤੇ ਸਰਦਾਰ ਰਣਜੀਤ ਸਿੰਘ ਜੀ ਮੈਨੇਜਰ ਸ੍ਰੀ ਦਰਬਾਰ ਸਾਹਿਬ ਆਦਿ ਨਾਲ ਜ਼ਾਤੀ ਤੇ ਨੇੜਲੇ ਸਬੰਧ ਬਣ ਗਏ। ਸਮੇਂ-ਸਮੇਂ ਪਰਸਪਰ ਧਾਰਮਿਕ, ਸਮਾਜਿਕ ਤੇ ਪੰਥਕ ਵਿਚਾਰ-ਵਟਾਂਦਰੇ ਹੁੰਦੇ ਰਹਿੰਦੇ। ਉਨ੍ਹਾਂ ਦੱਸਿਆ ਸੀ ਕਿ ਉਨ੍ਹਾਂ ਦਾ ਜਨਮ 1927 ਈ: ਵਿਚ ਹੋਇਆ ਅਤੇ ਉਹ ਜਮਾਂਦਰੂ ਨੇਤਰਹੀਣ ਸਨ। ਅਜੇ ਉਹ ਚਾਰ ਕੁ ਸਾਲਾਂ ਦੇ ਹੋਏ ਸਨ ਕਿ ਇਕ ਕੰਪਾਊਡਰ ਵਲੋਂ ਉਨ੍ਹਾਂ ਦੀ ਅੱਖਾਂ ਵਿੱਚ ਗਲਤ ਦਵਾਈ ਪੈ ਜਾਣ ਕਰਕੇ ਉਨ੍ਹਾਂ ਦੀ ਅੱਖਾਂ ਦੀ ਜੋਤ ਸਦਾ ਲਈ ਜਾਂਦੀ ਰਹੀ। ਉਨ੍ਹਾਂ ਦੇ ਪਿਤਾ ਸਰਦਾਰ ਕਰਤਾਰ ਸਿੰਘ ਜੀ ਅਸਾਮ ਵਿਚ ਤਕੜੇ ਠੇਕੇਦਾਰ ਸਨ। ਗੁਰਦਾਸਪੁਰ ਵਿਚ ਕਾਫ਼ੀ ਜੱਦੀ-ਜਾਇਦਾਦ ਅਤੇ ਤਕੜੇ ਅਸਾਸੇ ਦੇ ਮਾਲਕ ਸਨ। ਭਾਰਤ ਦੀ ਵੰਡ ਤੋਂ ਪਹਿਲਾਂ ਅਸਾਮ ਵਿੱਚ ਹੋਏ ਫ਼ਿਰਕੂ ਫ਼ਸਾਦਾਂ ਵਿਚ ਉਨ੍ਹਾਂ ਦੀ ਮਾਤਾ ਜਸਵੰਤ ਕੌਰ ਅਤੇ ਪਿਤਾ ਸਰਦਾਰ ਕਰਤਾਰ ਸਿੰਘ ਜੀ ਦੇ ਕਤਲ ਹੋਣ ਕਰਕੇ ਉਹ ਯਤੀਮ ਹੋ ਗਏ ਅਤੇ ਰਿਸ਼ਤੇਦਾਰਾਂ ਨੇ ਚੀਫ਼ ਖ਼ਾਲਸਾ ਦੀਵਾਨ ਦੇ 'ਸੈਂਟਰਲ ਖ਼ਾਲਸਾ ਯਤੀਮਖਾਨਾ' ਵਿਚ ਦਾਖ਼ਲ ਕਰਵਾ ਦਿੱਤਾ, ਜਿਥੇ ਉਨ੍ਹਾਂ ਨੇ ਗੁਰਬਾਣੀ, ਵਾਰਾਂ ਭਾਈ ਗੁਰਦਾਸ ਜੀ, ਦਸਮੇਸ਼ ਪਿਤਾ ਜੀ ਦੀ ਬਾਣੀ, ਗ਼ਜ਼ਲਾਂ ਭਾਈ ਨੰਦ ਲਾਲ ਜੀ ਆਦਿ ਬਾਣੀਆਂ ਕੰਠ ਕੀਤੀਆਂ ਅਤੇ ਹਾਰਮੋਨੀਅਮ, ਜੋੜੀ (ਮਬਲਾ) ਵਾਇਲਨ, ਸਿਤਾਰ ਤੇ ਤੰਤੀਸਾਜ਼ਾਂ ਦੀ ਵਿੱਦਿਆ ਪ੍ਰਾਪਤ ਕੀਤੀ।

ਉਨ੍ਹਾਂ ਦੇ ਸੰਤੋਖੀ ਹੋਣ ਅੱਖੀਂ ਦੇਖੀ ਇਕ ਮਿਸਾਲ ਮਾਣਯੋਗ ਪਾਠਕਾਂ ਦੀ ਗਿਆਤ ਵਿਚ ਲਿਆਉਣੀ ਚਾਹੁੰਦਾ ਹਾਂ। ਇਕ ਦਿਨ ਮੈਂ ਆਪਣੀ ਡਿਊਟੀ 'ਤੇ ਜਾਂਦਾ ਹੋਇਆ ਭਾਈ ਸਾਹਿਬ ਦੀ ਖ਼ਬਰ ਸਾਰ ਲੈਣ ਲਈ ਉਨ੍ਹਾਂ ਦੇ ਨਿਵਾਸ-ਸਥਾਨ ਪੁੱਜ ਗਿਆ। ਉਹ ਜੱਥੇ ਸਮੇਤ ਤਿਆਰ ਖੜੇ ਸਨ। ਉਨ੍ਹਾਂ ਨੇ ਅਨੰਦ ਕਾਰਜ ਕਰਾਉਣ ਲਈ ਜਾਣਾ ਸੀ। ਮੇਰੇ ਮਗਰੋਂ ਹੀ ਦੋ ਸਰਦਾਰ ਜੀਪ 'ਤੇ ਆ ਗਏ। ਲੜਕੀ ਦੇ ਉਨ੍ਹਾਂ ਰਿਸ਼ਤੇਦਾਰਾਂ ਨੇ ਦੱਸਿਆ ਕਿ ਭਾਵੇਂ ਆਨੰਦ ਕਾਰਜ ਦਾ ਸਮਾਂ ਸਵੇਰੇ ਨੌਂ ਵਜੇ ਦਾ ਨੀਯਤ ਹੈ, ਪਰ ਰਾਤੀਂ ਬਰਾਤੀ ਖਾਣ-ਪੀਣ ਤੇ ਰੰਗ-ਰਾਗ ਵਿਚ ਮਸਤ ਰਹਿਣ ਕਰਕੇ ਅਜੇ ਤਿਆਰ ਨਹੀਂ ਹੋਏ ਇਸ ਲਈ ਆਨੰਦ ਕਾਰਜ ਸਾਢੇ ਕੁ ਦਸ ਵਜੇ ਹੀ ਆਰੰਭ ਹੋ ਸਕੇਗਾ। ਭਾਈ ਗੋਪਾਲ ਸਿੰਘ ਜੀ ਨੇ ਸਾਢੇ ਦਸ ਵਜੇ ਲਈ ਇਕ ਦੂਸਰੇ ਥਾਂ ਆਨੰਦ ਕਾਰਜ ਕਰਾਉਣ ਹਿੱਤੇ ਦਿੱਤੇ ਸਮੇਂ ਦਾ ਜ਼ਿਕਰ ਕਰਕੇ ਉਨ੍ਹਾਂ ਦੀ ਸਪੁੱਤਰੀ ਦੇ ਅਨੰਦ ਕਾਰਜ ਸਮੇਂ ਪਹੁੰਚਣ ਤੋਂ ਅਸਮਰਥਾ ਪ੍ਰਗਟਾਈ ਅਤੇ ਸਲਾਹ ਦਿੱਤੀ ਕਿ ਉਹ ਕੋਈ ਹੋਰ ਜਥੇ ਦਾ ਪ੍ਰਬੰਧ ਕਰ ਲੈਣ। ਮਜਬੂਰੀ ਸਮਝ ਕੇ ਆਏ ਸਿੰਘਾਂ ਨੇ ਪੰਜ ਸੌ ਰੁਪਏ ਭਾਈ ਸਾਹਿਬ ਦੇ ਹੱਥ ਫੜਾਏ, ਜੋ ਭਾਈ ਸਾਹਿਬ ਨੇ ਇਹ ਕਹਿ ਕੇ ਮੋੜ ਦਿੱਤੇ ਕਿ ਜਦ ਉਹ ਅਨੰਦ ਕਾਰਜ ਕਰਵਾ ਹੀ ਨਹੀਂ ਰਹੇ ਤਾਂ ਉਹ ਇਹ ਭੇਟਾ ਕਿਸੇ ਸੂਰਤ ਵਿੱਚ ਵੀ ਲੈਣ ਦੇ ਹੱਕਦਾਰ ਨਹੀਂ। ਜਿਹੜਾ ਜੱਥਾ ਅਨੰਦ ਕਾਰਜ ਕਰਵਾਏਗਾ ਉਸਦਾ ਹੱਕ ਬਣਦਾ ਹੈ ਤੇ ਇਹ ਭੇਟਾ ਉਹ ਉਸ ਜੱਥੇ ਨੂੰ ਦੇ ਦੇਣ। ਆਏ ਸਰਦਾਰਾਂ ਨੇ ਬੜਾ ਮਜਬੂਰ ਕੀਤਾ ਪਰ ਭਾਈ ਸਾਹਿਬ ਨੇ ਇਹ ਮਾਇਆ ਕਬੂਲ ਨਾ ਕੀਤੀ। ਇਹ ਵਾਰਤਾ ਮੇਰੇ ਦੇਖਣ ਵਿਚ ਆਈ, ਜੋ ਭਾਈ ਸਾਹਿਬ ਦੇ ਸੰਤੋਖੀ ਹੋਣ ਦਾ ਸਪੱਸ਼ਟ ਪ੍ਰਮਾਣ ਹੈ।

ਭਾਈ ਗੋਪਾਲ ਸਿੰਘ ਜੀ ਕਈ ਸਾਲ (1957 ਤੋਂ 1970) ਦਿੱਲੀ ਕੀਰਤਨ ਕਰਦੇ ਰਹੇ। ਉਹ ਮੰਨਦੇ ਸਨ ਕਿ ਜੋ ਸਤਿਕਾਰ, ਪਿਆਰ ਤੇ ਮਾਣ ਵਡਿਆਈ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ (1971 ਤੋਂ 1973) ਵਿਖੇ ਕੀਰਤਨ ਕਰਨ ਕਰਕੇ ਸੰਗਤਾਂ ਵੱਲੋਂ ਮਿਲੀ ਉਸ ਲਈ ਉਹ ਸ੍ਰੀ ਗੁਰੂ ਰਾਮਦਾਸ ਜੀ ਦੀ ਅਪਾਰ ਬਖ਼ਸ਼ਿਸ਼ ਅਤੇ ਸੰਗਤਾਂ ਦੀ ਦਿਆਲਤਾ ਤੋਂ ਕੁਰਬਾਨ ਜਾਂਦੇ ਸਨ।

ਸਿੰਘ ਸਾਹਿਬ ਗਿਆਨੀ ਚੇਤ ਸਿੰਘ ਅਤੇ ਇਸ ਲੇਖਕ ਆਦਿ ਹੋਰ ਹਿਤੈਸ਼ੀਆਂ ਦੇ ਜ਼ੋਰ ਦੇਣ ਪੁਰ ਹੀ ਭਾਈ ਗੋਪਾਲ ਸਿੰਘ ਜੀ ਨੇ ਗ੍ਰਹਿਸਤ ਧਰਮ ਵਿਚ ਪ੍ਰਵੇਸ਼ ਕਰਨਾ ਸਵਿਕਾਰ ਕੀਤਾ ਸੀ। ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ ਦੇ ਇਕ ਗੁਰਸਿੱਖ ਪਰਿਵਾਰ ਦੇ ਮੁੱਖੀ ਸਰਦਾਰ ਕਿਰਪਾਲ ਜੀ ਨੇ ਆਪਣੀ ਸਰਦਾਰਨੀ ਬੀਬੀ ਸਤਵੰਤ ਕੌਰ ਅਤੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਵਿਚਾਰ ਕਰਕੇ ਆਪਣੀ ਸਪੁੱਤਰੀ ਬੀਬੀ ਸੁਰਿੰਦਰ ਕੌਰ ਦੀ ਸਹਿਮਤੀ ਉਪ੍ਰੰਤ ਬਾਕਾਇਦਾ ਗੁਰ-ਮਰਿਆਦਾ ਅਨੁਸਾਰ ਆਨੰਦ ਕਾਰਜ ਕੀਤਾ ਸੀ। ਸਤਿਗੁਰੂ ਜੀ ਨੇ ਇਕ ਭੁਝੰਗੀ ਗੁਰਵਿੰਦਰ ਸਿੰਘ ਦੀ ਦਾਤ ਭੀ ਬਖਸ਼ੀ, ਪਰ ਬੱਚੇ ਨੂੰ ਆਪਣੇ ਵਰਗਾ ਕੀਰਤਨੀਆ ਬਣਾਉਣ ਦੀ ਖਾਹਿਸ਼ ਦਿਲ ਵਿੱਚ ਹੀ ਲੈ ਕੇ ਭਾਈ ਸਾਹਿਬ ਸੱਚਖੰਡ ਜਾ ਬਿਰਾਜੇ।

ਪ੍ਰਸਿੱਧ ਵਿਦਵਾਨ ਗਿਆਨੀ ਸੰਤ ਸਿੰਘ ਜੀ 'ਮਸਕੀਨ' ਵੱਲੋਂ ਸਾਲਾਨਾ ਧਾਰਮਿਕ ਦੀਵਾਨ ਸਮੇਂ ਭਾਈ ਸਾਹਿਬ

'ਅਲਵਰ' (ਰਾਜਸਥਾਨ) ਗਏ। ਉਥੇ ਆਪ ਨੇ "ਹਮ ਕੂਕਰ ਤੇਰੇ ਦਰਬਾਰਿ" ਦੇ ਸ਼ਬਦ ਦਾ ਬੜੇ ਵਜਦ ਵਿਚ ਕੀਰਤਨ ਕੀਤਾ। ਵਾਪਸੀ 'ਤੇ ਆਪ ਆਪਣੇ ਰਿਸ਼ਤੇਦਾਰ ਪਾਸ ਦਿੱਲੀ ਠਹਿਰ ਗਏ, ਜਿਥੇ 5 ਮਾਰਚ 1973 ਨੂੰ ਆਪ ਅਚਾਨਕ ਹਿਰਦੇ ਦੀ ਗਤੀ ਰੁੱਕ ਜਾਣ ਕਰਕੇ ਸਦੀਵੀ ਵਿਛੋੜਾ ਦੇ ਗਏ।

ਦਿੱਲੀ ਤੋਂ ਦੇਹ ਸ੍ਰੀ ਅੰਮ੍ਰਿਤਸਰ ਲਿਆਂਦੀ ਗਈ। ਰਸਤੇ 'ਚ ਸੰਗਤਾਂ ਨੇ ਦੇਹ ਤੇ ਫੁੱਲਾਂ ਦੀ ਵਰਖਾ ਕੀਤੀ। ਹਰ ਸ਼ਹਿਰ ਤੇ ਨਗਰ ਨਿਵਾਸੀ ਅੰਤਿਮ ਦਰਸ਼ਨਾਂ ਲਈ ਉਮੜ ਪਏ। ਸਭ ਦੇ ਨੇਤਰਾਂ ਵਿੱਚ ਸ਼ੋਕ ਦੇ ਅਥਰੂ ਸਨ। ਸ੍ਰੀ ਅੰਮ੍ਰਿਤਸਰ ਦੀਆਂ ਹਜ਼ਾਰਾਂ ਸੰਗਤਾਂ ਨੇ ਸੇਜਲ ਨੇਤਰਾਂ ਨਾਲ ਸਸਕਾਰ ਕੀਤਾ। ਅੰਤਿਮ ਅਰਦਾਸ ਦੇ ਦੀਵਾਨ ਵਿੱਚ ਪੰਥਕ ਲੀਡਰ, ਧਾਰਮਿਕ ਹਸਤੀਆਂ ਅਤੇ ਕੀਰਤਨ - ਪ੍ਰੇਮੀਆਂ ਦਾ ਬਹੁਤ ਭਾਰੀ ਇੱਕਠ ਸੀ। ਗਿਆਨੀ ਸੰਤ ਸਿੰਘ ਜੀ 'ਮਸਕੀਨ' ਨੇ ਬੜੀ ਪ੍ਰਭਾਵਸ਼ਾਲੀ ਸ਼ਧਾਂਜਲੀ ਦਿੱਤੀ ਤੇ ਕੌਮ ਨੂੰ ਇਕ ਨਾ ਪੂਰਾ ਹੋਣ ਵਾਲਾ ਬਹੁਤ ਵੱਡਾ ਘਾਟਾ ਦੱਸਿਆ। ■

(ਧੰਨਵਾਦ ਸਹਿਤ 'ਖ਼ਾਲਸਾ ਐਡਵੋਕੇਟ')


*With compliments from*

**Harpreet Singh**
B.A. (HONS.), F.C.A.
Chartered Accountant

H.S. & ASSOCIATES
A-1, Masood Pur
Vasant Kunj, New Delhi - 110 070

Ph : 6131663
Resi. : 6119229
Mobile : 98110-45724
Fax : 91-11-4675270

*With compliments from*

Dr. S.S. Bhamra
Vice President

Photographic Society of Chandigarh
*A Voluntary Non-Profit Art Promotion Organisation*

201, Sector : 16-A, Chandigarh 160 015
Phone : 0172-549376 E-mail : bhamrass@ch1.vsnl.net.in

*With compliments from*

*B.S. Anand*

ANAND & ANAND ASSOCIATES
*Liaision Officers*
# 196, Sector 18-A, Chandigarh Ph. : 91 - 172 - 774196

# ਤਬਲਾ ਨਿਵਾਜ਼ : ਹਰਭਜਨ ਸਿੰਘ ਧਾਰੀਵਾਲ

## ਨਰਬਦਾ ਸ਼ੰਕਰ

ਉੱਤਰ ਭਾਰਤੀ ਤਾਲ ਸਾਜ਼ਾਂ ਵਿਚ ਤਬਲੇ ਦਾ ਸਭ ਤੋਂ ਮਹੱਤਵਪੂਰਨ ਸਥਾਨ ਹੈ। ਪ੍ਰਾਚੀਨ ਕਾਲ ਵਿਚ ਜੋ ਸਥਾਨ ਪਖਾਵਜ ਨੂੰ ਦਿੱਤਾ ਜਾਂਦਾ ਸੀ ਉਹੋ ਹੀ ਸਥਾਨ ਆਧੁਨਿਕ ਯੁੱਗ ਵਿਚ ਤਬਲੇ ਨੂੰ ਪ੍ਰਾਪਤ ਹੈ। ਅੱਜ ਤਬਲਾ ਸਾਜ਼ ਹਰ ਪ੍ਰਕਾਰ ਦੇ ਸੰਗੀਤ 'ਤੇ ਛਾਇਆ ਹੋਇਆ ਹੈ ਕਿਉਂਕਿ ਪਖਾਵਜ ਇਕ ਉਤਮ ਸਾਜ਼ ਜ਼ਰੂਰ ਹੈ ਪ੍ਰੰਤੂ ਤਬਲੇ 'ਤੇ ਖੁੱਲ੍ਹੇ ਤੇ ਜ਼ੋਰਦਾਰ, ਬੰਦ ਤੇ ਮੁਲਾਇਮ ਸਾਰੇ ਪ੍ਰਕਾਰ ਦੇ ਬੋਲ ਖੂਬਸੂਰਤੀ ਨਾਲ ਵਜਾਏ ਜਾ ਸਕਦੇ ਹਨ। ਤਬਲੇ ਤੇ ਪਖਾਵਜ ਦੀ ਥਾਪ ਤੋਂ ਇਲਾਵਾ ਖੱਬੇ ਤਬਲੇ (ਡੁੱਗੀ) ਤੋਂ ਢੋਲਕ ਦੀ ਧਮਕ ਤੇ ਘਸੀਟ ਦੇ ਬੋਲ ਸੁੰਦਰਤਾ ਨਾਲ ਵਜਾਏ ਜਾ ਸਕਦੇ ਹਨ। ਇਹ ਸਾਜ਼ ਹਰ ਪ੍ਰਕਾਰ ਦੀ ਸੰਗਤ ਦੇ ਲਈ ਉਪਯੋਗੀ ਹੈ, ਭਾਵੇਂ ਉਹ ਗਾਇਨ, ਵਾਦਨ ਜਾਂ ਨ੍ਰਿਤ ਹੋਵੇ। ਗਾਇਨ ਭਾਵੇਂ ਖਿਆਲ, ਠੁਮਰੀ, ਧਰੁਪਦ-ਧਮਾਰ, ਗੀਤ, ਗਜ਼ਲ, ਭਜਨ ਜਾਂ ਸ਼ਬਦ ਹੋਵੇ। ਇਸ ਤੋਂ ਇਲਾਵਾ ਤਬਲਾ ਆਪਣੇ ਸੋਲੋਵਾਦਨ ਕਰਕੇ ਵੀ ਮਹੱਤਵਪੂਰਨ ਹੋ ਗਿਆ ਹੈ । ਅਜ ਤਬਲੇ ਦਾ ਭਵਿੱਖ ਉਜਵਲ ਹੈ। ਤਬਲਾ ਵਿਸ਼ੇ ਦਾ ਅਧਿਐਨ ਅਜ ਸਕੂਲਾਂ, ਕਾਲਜਾਂ ਤੇ ਯੂਨਿਵਰਸਿਟੀਆਂ ਵਿਚ ਕਰਾਇਆ ਜਾਂਦਾ ਹੈ, ਇਥੋਂ ਤੱਕ ਕਿ ਤਬਲਾ ਵਿਸ਼ੇ ਤੇ ਐਮ.ਏ. ਅਤੇ ਪੀ.ਐਚ.ਡੀ. ਪੱਧਰ ਤਕ ਦਾ ਅਧਿਐਨ ਵੀ ਯੂਨਿਵਰਸਿਟੀ ਵਿਚ ਕਰਵਾਇਆ ਜਾਂਦਾ ਹੈ। ਤਬਲੇ ਨੂੰ ਇਸ ਪੱਧਰ ਤਕ ਪਹੁੰਚਾਉਣ ਦਾ ਸਿਹਰਾ ਉਨ੍ਹਾਂ ਉਸਤਾਦ ਸਾਹਿਬਾਨਾਂ ਦੇ ਸਿਰ ਜਾਂਦਾ ਹੈ ਜਿਨ੍ਹਾਂ ਨੇ ਪੀੜ੍ਹੀ ਦਰ ਪੀੜ੍ਹੀ ਤਬਲੇ ਦੀ ਸਿਖਲਾਈ ਗੁਰੂ-ਸ਼ਿਸ਼ ਪਰੰਪਰਾ ਅਧੀਨ ਦੇ ਕੇ ਪ੍ਰਚਾਰਿਆ ਤੇ ਸੰਭਾਲਿਆ ਹੈ। ਤਬਲੇ ਦੀ ਵਿਸ਼ੇਸ਼ ਪਰੰਪਰਾ/ਵਾਦਨ-ਸ਼ੈਲੀ ਘਰਾਣਾ ਅਖਵਾਉਂਦੀ ਹੈ। ਤਬਲੇ ਦੇ ਮੁੱਖ ਘਰਾਣੇ ਦਿੱਲੀ, ਲਖਨਊ, ਬਨਾਰਸ, ਅਜਰਾੜਾ, ਫਰੁਖਾਬਾਦ ਤੇ ਪੰਜਾਬ ਆਦਿ ਹਨ। ਇਹ ਘਰਾਣੇ ਆਪੋ-ਆਪਣੀ ਵਾਦਨ ਸ਼ੈਲੀ ਕਰਕੇ ਵਿਸ਼ੇਸ਼ ਸਥਾਨ ਰੱਖਦੇ ਹਨ। ਪਰੰਤੂ ਇਨ੍ਹਾਂ ਵਿਚੋਂ ਪੰਜਾਬ ਘਰਾਣਾ ਆਪਣੀ ਪਖਾਵਜ ਸ਼ੈਲੀ ਦੇ ਓਤ-ਪੋਤ ਹੋਣ ਕਰਕੇ ਸਰਵ ਸ੍ਰੇਸ਼ਠ ਸਥਾਨ ਰੱਖਦਾ ਹੈ। ਪੰਜਾਬ ਘਰਾਣੇ ਦੇ ਉਸਤਾਦ ਮੀਆਂ ਕਾਦਿਰ ਬਖਸ਼ ਜੀ ਦੇ ਸ਼ਾਗਿਰਦ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਨੇ ਆਪਣੀ ਜੀਵਨ ਦੀ ਘਾਲਣਾ ਸਦਕਾ ਇਸ ਘਰਾਣੇ ਦੀ ਧਾਕ ਸੰਸਾਰ ਪੱਧਰ ਤੇ ਜਮਾਈ ਹੈ। ਇਨ੍ਹਾਂ ਦੇ ਸਪੁੱਤਰ ਉਸਤਾਦ ਜ਼ਾਕਿਰ ਹੁਸੈਨ ਜੋ ਅੱਜ ਵਿਸ਼ਵ ਪ੍ਰਸਿੱਧ ਤਬਲਾਵਾਦਕ ਹਨ। ਉਸਤਾਦ ਅੱਲਾ ਰੱਖਾਂ ਖਾਂ ਦੇ ਗੁਰਭਾਈ ਉਸਤਾਦ ਲਛਮਣ ਸਿੰਘ ਸੀਨ ਜਿਨ੍ਹਾਂ ਨੇ ਪੰਜਾਬ ਵਿਚ ਰਹਿ ਕੇ ਹੀ ਬੜੀ ਮਿਹਨਤ ਲਗਨ ਤੇ ਇਮਾਨਦਾਰੀ ਨਾਲ ਸੰਗੀਤ ਦੇ ਪ੍ਰਚਾਰ ਹਿੱਤ ਜੀਵਨ ਲਗਾ ਕੇ ਪਵਨ ਕੁਮਾਰ ਵਰਮਾ, ਕਾਲੇਰਾਮ, ਕਿੱਨਰ ਸੀਨ (ਨਿਊਯਾਰਕ) ਤੇ ਮੰਨੂ ਸੀਨ ਵਰਗੇ ਉੱਚ ਕੋਟੀ ਦੇ ਕਲਾਕਾਰ ਪੰਜਾਬ ਦੀ ਝੋਲੀ ਵਿਚ ਪਾਏ ਹਨ, ਇਥੇ ਹੀ ਬੱਸ ਨਹੀਂ ਸਗੋਂ ਸੁਸ਼ੀਲ ਜੈਨ (ਬਟਾਲਾ) ਵਰਗੇ ਉੱਚ ਕੋਟੀ ਦੇ ਸੂਝਵਾਨ ਨਾਨ-ਪ੍ਰੋਫੈਸ਼ਨਲ ਸੰਗੀਤ ਅਧਿਆਪਕ ਵੀ ਪੰਜਾਬ ਨੂੰ ਭੇਟ ਕੀਤੇ ਹਨ। ਇਹ ਬਜ਼ੁਰਗ ਸੰਗਤੀਕਾਰ ਅਜੇ ਤੱਕ ਵੀ ਆਪਣੇ ਅਨੇਕਾਂ ਸ਼ਾਗਿਰਦਾਂ ਨੂੰ ਤਾਲੀਮ ਦੇ ਰਿਹਾ ਹੈ।

ਇਸੇ ਹੀ ਘਰਾਣੇ ਨਾਲ ਸੰਬੰਧਤ ਤਬਲਾ ਨਿਵਾਜ਼ ਹਰਭਜਨ ਸਿੰਘ ਦਾ ਜਨਮ 20 ਜਨਵਰੀ 1963 ਨੂੰ ਇਕ ਸਾਧਾਰਨ ਪਰਿਵਾਰ ਵਿਚ ਸ. ਮਹਿਲ ਸਿੰਘ ਦੇ ਘਰ, ਮਾਤਾ ਜੋਗਿੰਦਰ ਕੌਰ ਦੀ ਕੁਖੋਂ ਜ਼ਿਲਾ ਗੁਰਦਾਸਪੁਰ ਦੇ ਧਾਰੀਵਾਲ ਸ਼ਹਿਰ ਵਿਖੇ ਹੋਇਆ। ਹਰਭਜਨ ਸਿੰਘ ਦੇ ਵੱਡੇ ਭਰਾ ਕਰਮ ਸਿੰਘ ਨੂੰ ਤਬਲਾ ਵਜਾਉਣ ਦਾ ਸ਼ੌਕ ਸੀ। ਬਚਪਨ ਵਿਚ ਹੀ ਹਰਭਜਨ ਸਿੰਘ ਆਪਣੇ ਭਰਾ ਤੋਂ ਚੋਰੀ-ਚੋਰੀ ਤਬਲੇ 'ਤੇ ਉਲਟੇ-ਸਿੱਧੇ ਹੱਥ ਮਾਰਦਾ ਰਹਿੰਦਾ ਸੀ। ਤਬਲਾ ਵਜਾਉਣ ਦੀ ਪਾਬੰਦੀ ਹਰਭਜਨ ਸਿੰਘ ਲਈ ਤਬਲੇ ਪ੍ਰਤੀ ਰੁਚੀ ਤੇ ਉਤਸੁਕਤਾ ਦਾ ਕਾਰਣ ਬਣੀ। ਹਰਭਜਨ ਦੀ ਮਾਤਾ ਜੀ ਨੇ ਦੱਸਿਆ ਕਿ ਇਹ ਬਚਪਨ ਵਿਚ ਦੋ ਡੱਬੇ ਰੱਖ ਕੇ ਵਜਾਉਂਦਾ ਰਹਿੰਦਾ ਸੀ।

ਮਿਸ਼ਨ ਸਕੂਲ ਧਾਰੀਵਾਲ ਤੋਂ ਮੈਟ੍ਰਿਕ ਦੀ ਪੜ੍ਹਾਈ ਖਤਮ ਕਰਨ ਉਪਰੰਤ ਡੀ.ਏ.ਵੀ. ਕਾਲਜ ਬਟਾਲਾ ਵਿਚ ਦਾਖ਼ਲ ਹੋ ਗਿਆ। 1981 ਵਿਚ ਇਤਫ਼ਾਕਨ ਹੀ ਇਸ ਦੀ ਮੁਲਾਕਾਤ ਇਲਾਕੇ ਦੇ ਪ੍ਰਸਿੱਧ ਤਬਲਾ ਵਾਦਕ ਸ਼੍ਰੀ ਰੂਪ ਲਾਲ (ਬਟਾਲਾ) ਨਾਲ ਹੋ ਗਈ, ਜੋ ਉਸਤਾਦ ਲਛਮਣ ਸਿੰਘ ਸੀਨ ਜੀ ਦੇ ਸ਼ਾਗਿਰਦ ਹਨ। ਤਬਲੇ ਦੀ ਮੁੱਢਲੀ ਸਿਖਿਆ ਹਰਭਜਨ ਸਿੰਘ ਨੇ ਇਨ੍ਹਾਂ ਤੋਂ ਹੀ ਪ੍ਰਾਪਤ ਕੀਤੀ। ਕਾਫੀ ਅਰਸਾ ਸਿੱਖਣ ਤੋਂ ਬਾਅਦ ਹਰਭਜਨ ਸਿੰਘ ਉਚੇਰੀ ਸਿਖਿਆ ਲਈ 26 ਅਗਸਤ 1987 ਨੂੰ ਉਸਤਾਦ ਲਛਮਣ ਸਿੰਘ ਸੀਨ ਜੋ ਹਿੰਦੋਸਤਾਨ ਦੇ ਉੱਚ ਕਟੀ ਦੇ ਤਬਲਾ ਵਾਦਕ ਹਨ, ਦਾ ਸ਼ਾਗਿਰਦ ਹੋ ਗਿਆ ਜੋ ਅੱਜ ਤਕ ਹਰਭਜਨ ਸਿੰਘ ਧਾਰੀਵਾਲ ਉਸਤਾਦ ਲੱਛਮਣ ਸਿੰਘ ਸੀਨ ਜੀ ਪਾਸੋਂ ਗੁਰੂ ਸ਼ਿਸ਼ ਪਰੰਪਰਾ ਅਧੀਨ ਤਬਲੇ ਦੀ ਤਾਲੀਮ ਪ੍ਰਾਪਤ ਕਰ ਰਿਹਾ ਹੈ।

ਹਰਭਜਨ ਸਿੰਘ ਧਾਰੀਵਾਲ ਕੇਵਲ ਤਬਲਾ ਨਿਵਾਜ਼ ਹੀ ਨਹੀਂ ਸਗੋਂ ਇਕ ਪੜ੍ਹਿਆ-ਲਿਖਿਆ ਪੋਸਟ-ਗਰੈਜੂਏਟ ਹੈ। ਉਸ ਨੇ ਬੀ.ਏ. ਗੁਰੂ ਨਾਨਕ ਕਾਲਜ ਬਟਾਲਾ, ਬੀ.ਐੱਡ. ਮਿੰਟਗੁਮਰੀ ਕਾਲਜ ਜਲੰਧਰ ਤੇ ਐਮ.ਏ. ਸੰਗੀਤ (ਤਬਲਾ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਹੈ ਅਤੇ ਐਮ.ਏ. ਸੰਗੀਤ (ਤਬਲਾ) ਵਿਚੋਂ ਪੰਜਾਬ ਯੂਨੀਵਰਸਿਟੀ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਦਾ ਹੱਕਦਾਰ ਹੋਇਆ। ਜਲੰਧਰ, ਪਟਿਆਲਾ, ਲੁਧਿਆਣਾ ਤੇ ਚੰਡੀਗੜ੍ਹ ਆਦਿ ਸਥਾਨਾਂ ਵਿਖੇ ਉਹ ਸੋਲੋ ਤਬਲਾ ਵਾਦਨ ਦਾ ਪ੍ਰਦਰਸ਼ਨ ਕਰ ਚੁੱਕਾ ਹੈ। ਇਸ ਤੋਂ ਇਲਾਵਾ ਉਹ ਸੰਗਤ ਕਲਾਕਾਰ ਵਜੋਂ ਯੂ.ਪੀ., ਜੇ.

ਐਂਡ.ਕੇ., ਹਿਮਾਚਲ, ਮਹਾਰਾਸ਼ਟਰ ਤੇ ਕਲਕੱਤਾ ਆਦਿ ਸਥਾਨਾਂ ਤੇ ਪੇਸ਼ਕਾਰੀ ਕਰ ਚੁੱਕਿਆ ਹੈ। ਹਰਭਜਨ ਸਿੰਘ ਦੇ ਮਨ-ਭਾਉਂਦੇ ਤਾਲ 'ਅਸੂਲ-ਏ-ਫ਼ਾਖਤਾ (5 ਮਾਤਰਾ)' ਅਤੇ 'ਪੰਜਾਬੀ ਧਮਾਰ (14 ਮਾਤਰਾ)' ਹਨ। ਆਕਾਸ਼ਵਾਣੀ ਤੇ ਦੂਰਦਰਸ਼ਨ ਤੇ ਅਨੇਕਾਂ ਵਾਰ ਪਰਦਰਸ਼ਨ ਕਰ ਚੁੱਕਾ ਹੈ। ਹਿੰਦੂ ਕੰਨਿਆ ਮਹਾਂਵਿਦਿਆਲਾ ਧਾਰੀਵਾਲ ਤੇ ਐਸ.ਡੀ.ਏ. ਐੱਮ ਕਾਲਜ ਦੀਨਾਨਗਰ ਦੇ ਸੰਗੀਤ ਵਿਭਾਗਾਂ ਵਿਚ ਤਬਲਾ ਪ੍ਰਾਅਧਿਆਪਕ ਵਜੋਂ ਸੇਵਾ ਕਰ ਚੁੱਕਾ ਹੈ। ਅਤੇ ਅਜ ਕਲ ਹਰਭਜਨ ਧਾਰੀਵਾਲ ਪੰਜਾਬ ਸਰਕਾਰ ਤੇ ਸਭਿਆਚਾਰਕ ਮਾਮਲੇ ਵਿਭਾਗ ਪੰਜਾਬ, ਚੰਡੀਗੜ੍ਹ ਵਿਖੇ ਬਤੌਰ ਫੀਲਡ ਆਰਟਿਸਟ ਵਜੋਂ ਪਿਛਲੇ ਲਗਭਗ 6 ਸਾਲਾਂ ਤੋਂ ਸੇਵਾ ਕਰ ਰਿਹਾ ਹੈ।

ਹਰਭਜਨ ਸਿੰਘ ਧਾਰੀਵਾਲ ਆਪ ਵੀ ਤਬਲੇ ਦੇ ਪ੍ਰਚਾਰ ਲਈ ਯਤਨਸ਼ੀਲ ਹੈ, ਉਹ ਤਬਲੇ ਦੀ ਤਾਲੀਮ ਅਨੇਕਾਂ ਸਿਖਿਆਰਥੀਆਂ ਨੂੰ ਦੇ ਰਿਹਾ ਹੈ ਜਿਨ੍ਹਾਂ ਵਿਚੋਂ ਸੁਰਜੀਤ ਸਿੰਘ (ਸਾਬੋ ਕੀ ਤਲਵੰਡੀ), ਸੁਖਵਿੰਦਰ ਸਿੰਘ (ਮੋਹਾਲੀ), ਜੋਗਿੰਦਰ ਸਿੰਘ ਧਾਰੀਵਾਲ ਤੇ ਬਲਦੇਵ ਸਿੰਘ ਆਦਿ ਹੋਣਹਾਰ ਸ਼ਾਗਿਰਦ ਹਨ। ਚੰਡੀਗੜ੍ਹ ਤੇ ਸਾਰੰਗੀ ਵਾਦਕ ਸ੍ਰੀ ਵਿਨੋਦ ਪਵਾਰ ਦੇ ਸਹਿਯੋਗ ਨਾਲ ਨਗਮਿਆਂ ਰਾਹੀਂ ਹਰਭਜਨ ਸਿੰਘ ਧਾਰੀਵਾਲ ਤਬਲੇ 'ਤੇ ਪੇਸ਼ਕਾਰ, ਕਾਇਦਿਆਂ, ਪਰਨਾਂ, ਗਤਾਂ, ਛੰਦਾਂ ਤੇ ਫਰਦਾਂ ਆਦਿ ਨੂੰ ਲੈਅ-ਬੱਧ ਕਰਨ ਦਾ ਯਤਨ ਕਰਦਾ ਹੈ। ਹਰਭਜਨ ਸਿੰਘ ਦਾ ਕਹਿਣਾ ਹੈ ਕਿ ਉਸ ਦੀ ਪਤਨੀ ਸ਼੍ਰੀਮਤੀ ਪਰਮਜੀਤ ਕੌਰ ਦੇ ਵੱਡਮੁੱਲੇ ਸਹਿਯੋਗ ਸਦਕਾ ਹੀ ਉਹ ਸੰਗੀਤ ਸਿੱਖਦਾ, ਸਿਖਾਉਂਦਾ ਤੇ ਆਪ ਰਿਆਜ਼ ਕਰਦਾ ਹੈ। ਇਸ ਦੇ ਨਾਲ ਹੀ ਹਰਭਜਨ ਸਿੰਘ ਆਪਣੇ ਪਰਮ ਮਿੱਤਰ ਸ. ਮੁਖਤਾਰ ਸਿੰਘ ਅਤੇ ਪ੍ਰਿੰਸੀਪਲ ਗੁਰਭੇਜ ਸਿੰਘ ਦਾ ਵੀ ਧੰਨਵਾਦੀ ਹੈ ਜਿਨ੍ਹਾਂ ਦੇ ਉਤਸ਼ਾਹ ਤੇ ਵਿੱਤੀ ਸਹਿਯੋਗ ਸਦਕਾ ਹੀ ਉਹ ਇਸ ਮੁਕਾਮ ਤੇ ਪਹੁੰਚਿਆ ਹੈ।

ਹਰਭਜਨ ਸਿੰਘ ਧਾਰੀਵਾਲ ਅੱਜ ਕੱਲ ਆਪਣੀ ਪਤਨੀ ਤੇ ਦੋ ਬੱਚਿਆਂ (ਰਾਗਨੀ ਤੇ ਰਾਗ) ਸਮੇਤ ਮਕਾਨ ਨੰ: 1447/10 ਸੈਕਟਰ 65, ਐਸ.ਏ. ਐਸ. ਨਗਰ, ਮੋਹਾਲੀ ਵਿਚ ਰਹਿ ਰਿਹਾ ਹੈ। ■

*(ਧੰਨਵਾਦ ਸਹਿਤ 'ਜੱਗ ਬਾਣੀ')*

**ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ' ਤੋਹਫੇ ਵਜੋਂ ਭੇਟ ਕਰੋ !**

ਤੁਸੀਂ ਆਪਣੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ। ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

*With compliments from*

**ASHWANI KUMAR**
General Manager

**SOUTHEND**
SCO No. 499-500, SEC. 35-C
Phone : (O) 607935, 608131
Fax : 610404, Resi. : 660200

*With compliments from*

**KULVINDER SINGH**

CIPL
**CRYSTAL LEASING (P) LTD.**
46, Shanker Market, Cannaught Circus, New Delhi 110 001 Phone : 3312440

# ਜਨਮ, ਆਨੰਦ ਕਾਰਜ ਅਤੇ ਅਕਾਲ ਚਲਾਨੇ ਸਬੰਧੀ ਸ਼ਬਦ ਕੀਰਤਨ ਦੀ ਮਰਿਯਾਦਾ

ਗੁਰਮਤਿ ਸੰਗੀਤ ਦੀ ਵਿਸ਼ੇਸ਼ਤਾ ਹੈ ਕਿ ਇਹ ਪੂਰਨ ਰੂਪ ਵਿਚ ਸਿੱਖੀ ਜੀਵਨ ਦਾ ਅਨਿਖੜ ਅੰਗ ਹੈ। ਸਿਖ ਧਰਮ ਵਿਚ ਵਿਸ਼ਵਾਸ ਰਖਣ ਵਾਲੇ ਹਰ ਵਿਅਕਤੀ ਲਈ ਗੁਰੂ ਸਾਹਿਬ ਨੇ ਗੁਰਮਤਿ ਦੇ ਅਨੁਸਾਰੀ ਹੋ ਕੇ ਜਿਉਣ ਦੀ ਜਾਚ ਸਿਖਾਈ ਹੈ। ਇਸ ਦੇ ਅੰਤਰਗਤ ਜਨਮ ਤੋਂ ਲੈ ਕੇ ਪ੍ਰਾਨੀ ਦੇ ਅਕਾਲ ਚਲਾਣੇ ਤਕ ਜਿਥੇ ਰੋਜ ਕੀਰਤਨ ਕਰਨ ਦੀ ਮਰਿਯਾਦਾ ਹੈ ਉਥੇ ਵੱਖ-ਵੱਖ ਅਵਸਰਾਂ ਉਤੇ ਗੁਰੂ ਦੀ ਹਾਜਰੀ ਵਿਚ ਸਜਣ ਵਾਲੇ ਸਮਾਗਮ ਦੀਵਾਨਾਂ ਵਿਚ ਕੀਰਤਨ ਦੀ ਮਰਿਯਾਦਾ ਵੀ ਗੁਰੂ ਸਾਹਿਬਾਨ ਦੇ ਵੇਲੇ ਤੋਂ ਲੈ ਕੇ ਚੱਲੀ ਆ ਰਹੀ ਹੈ। ਸਾਨੂੰ ਇਹਨਾਂ ਅਵਸਰਾਂ ਉੱਤੇ ਮੂਲ ਰੂਪ ਵਿਚ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੁਆਰਾ ਲਿਖਤ 'ਸਿਖ ਰਹਿਤ ਮਰਯਾਦਾ' ਦਾ ਪੂਰਨ ਰੂਪ ਵਿਚ ਪਾਲਣ ਕਰਨਾ ਚਾਹੀਦਾ ਹੈ। ਇਸ ਤੋਂ ਬਿਨ੍ਹਾਂ ਇਹਨਾਂ ਅਵਸਰਾਂ ਉਤੇ ਕੀਰਤਨ ਕਰਨ ਦੀ ਵਿਵਹਾਰਿਕ ਪਰੰਪਰਾ ਹੈ ਉਸਨੂੰ ਅਸੀਂ ਅਗਾਂਹ ਵਿਚਾਰਾਂਗੇ।

**ਜਨਮ ਸੰਬੰਧੀ ਕੀਰਤਨ ਮਰਯਾਦਾ** : ਹਰ ਗੁਰਸਿੱਖ ਬੱਚੇ ਦੇ ਜਨਮ ਦੀ ਖੁਸ਼ੀ ਸਮੇਂ ਅਕਾਲ ਪੁਰਖ ਦੇ ਸ਼ੁਕਰਾਨੇ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਓਟ ਅਤੇ ਆਸਰਾ ਲੈਂਦਾ ਹੈ ਅਤੇ ਇਸ ਸਮੇਂ ਸਜਣ ਵਾਲੇ ਦੀਵਾਨ ਵਿਚ ਰਾਗੀ ਸਿੰਘ ਵਿਸ਼ੇਸ਼ ਰੂਪ ਵਿਚ ਕੀਰਤਨ ਕਰਦੇ ਹਨ। ਇਸ ਅਵਸਰ ਉਤੇ ਕੀਰਤਨ ਹਿਤ ਗਾਇਨ ਕੀਤੇ ਜਾਣ ਵਾਲੇ ਸ਼ਬਦਾਂ ਦਾ ਵਿਸ਼ਾ (ਪ੍ਰਕਰਣ) ਅਕਾਲ ਪੁਰਖ ਵਲੋਂ ਦਿਤੀ ਦਾਤ ਲਈ ਸ਼ੁਕਰਾਨਾ ਕਰਨ ਵਾਲੇ ਹੁੰਦੇ ਹਨ।

ਜਿਵੇਂ : **ਪ੍ਰਾਨ ਕੇ ਬਚਯਾ, ਦੂਧ ਪੂਤ ਕੇ ਦਿਵਯਾ**
**ਰੋਗ ਸੋਗ ਕੇ ਮਿਟਯਾ ਕਿਧੌਂ ਮਾਨੀ ਮਹਾ ਮਾਨ ਹੋ ॥**

*(ਅਕਾਲ ਉਸਤਤਿ)*

**ਜਾ ਤੂੰ ਮੇਰੇ ਵਲ ਹੈ ਤਾ ਕਿਆ ਮੁਹਛੰਦਾ ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥**

*(ਗੁਰੂ ਗ੍ਰੰਥ ਸਾਹਿਬ, ਪੰਨਾ ੧੦੯੬)*

**ਕੇਹਾ ਕੰਚਨ ਤੁਟੈ ਸਾਰੁ॥ ਅਗਨੀ ਗੰਢੁ ਪਾਏ ਲੋਹਾਰੁ**
**ਗੋਰੀ ਸੇਤੀ ਤੁਟੈ ਭਤਾਰੁ॥ ਪੁਤੀਂ ਗੰਢੁ ਪਵੈ ਸੰਸਾਰ॥**

*(ਗੁਰੂ ਗ੍ਰੰਥ ਸਾਹਿਬ, ਪੰਨਾ ੧੪੩)*

**ਗੁਰ ਪੂਰੈ ਕਿਰਪਾ ਧਾਰੀ॥ ਪ੍ਰਭਿ ਪੂਰੀ ਲੋਚ ਹਮਾਰੀ॥**
**ਕਰਿ ਇਸਨਾਨੁ ਗ੍ਰਿਹਿ ਆਏ॥ ਅਨਦ ਮੰਗਲ ਸੁਖ ਪਾਏ॥**

*(ਗੁਰੂ ਗ੍ਰੰਥ ਸਾਹਿਬ, ਪੰਨਾ ੬੨੧)*

ਉਪਰੋਕਤ ਸ਼ਬਦਾਂ ਤੋਂ ਇਲਾਵਾ ਆਸਾ ਮਹਲਾ ੫ ਦੇ ਸ਼ਬਦ ਦਾ ਕੀਰਤਨ ਕੀਤਾ ਜਾਂਦਾ ਹੈ ਜਿਸ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁਤਰ ਹਰਿਗੋਬਿੰਦ (ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਜੀ) ਦੇ ਜਨਮ ਦੀ ਖੁਸ਼ੀ ਵਿਚ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਹੈ।

**ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥**
**ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥**

*(ਗੁਰੂ ਗ੍ਰੰਥ ਸਾਹਿਬ, ਪੰਨਾ ੩੯੬)*

**ਪੂਤਾ ਮਾਤਾ ਕੀ ਅਸੀਸ॥**
**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ**
**ਸਦਾ ਭਜਹੁ ਜਗਦੀਸ**

*(ਗੁਰੂ ਗ੍ਰੰਥ ਸਾਹਿਬ, ਪੰਨਾ ੪੯੬)*

ਉਪਰੰਤ ਆਨੰਦ ਸਾਹਿਬ ਦਾ ਕੀਰਤਨ ਕੀਤਾ ਜਾਂਦਾ ਹੈ।

**ਆਨੰਦ ਕਾਰਜ ਦੀ ਰਸਮ ਸਮੇਂ ਸ਼ਬਦ ਕੀਰਤਨ ਦੀ ਮਰਯਾਦਾ** : ਸਿਖੀ ਜੀਵਨ ਵਿਚ ਆਨੰਦ ਕਾਰਜ ਦੇ ਅਵਸਰ ਨੂੰ ਵਿਸ਼ੇਸ਼ ਤੌਰ ਤੇ ਸੁਭਾਗਾ ਸਮਾਂ ਮੰਨਿਆ ਜਾਂਦਾ ਹੈ। ਇਸ ਅਵਸਰ ਉਤੇ ਸ਼ਬਦ ਕੀਰਤਨ ਦੀ ਵਿਸ਼ੇਸ਼ ਮਰਯਾਦਾ ਨਿਮਨ ਅਨੁਸਾਰ ਹੈ।

ਆਨੰਦ ਕਾਰਜ ਤੋਂ ਪਹਿਲਾਂ ਕੁੜਮਾਈ / ਸ਼ਗਨ ਦੀ ਰਸਮ ਹੁੰਦੀ ਹੈ। ਇਸ ਅਵਸਰ ਉਤੇ ਕੀਰਤਨ ਕਰਨ ਲਈ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਆਨੰਦ ਮੰਗਲ, ਵਰਘੁਰ ਵਿਸ਼ੇ / ਪ੍ਰਕਰਣਾ ਨਾਲ ਸਬੰਧਿਤ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਹੈ ਅਤੇ ਅੰਤ ਵਿਚ 'ਸਤੁ ਸੰਤੋਖ ਕਰਿ ਭਾਉ, ਕੁੜਮੁ ਕੁੜਮਾਈ ਆਇਆ ਬਲਿਰਾਮੁ ਜੀਉ' (ਪੰਨਾ ੭੭੩) ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਫਿਰ ਆਨੰਦ ਸਾਹਿਬ ਦੇ ਕੀਰਤਨ ਤੋਂ ਬਾਅਦ ਅਰਦਾਸ ਉਪਰੰਤ ਕੁੜਮਾਈ/ਸ਼ਗਨ ਦੀ ਰਸਮ ਅਦਾ ਕੀਤੀ ਜਾਂਦੀ ਹੈ।

**ਮਿਲਣੀ** : ਜਦੋਂ ਧੇਤੇ (ਧੀ ਵਾਲੇ) ਪਤੇਤਿਆਂ (ਪੁਤਰ ਵਾਲਿਆਂ) ਨੂੰ ਜੀ ਆਇਆਂ ਆਖਣ ਲਈ ਸਵਾਗਤ ਕਰਦੇ ਹਨ ਤਾਂ ਇਸ ਰਸਮ ਨੂੰ ਮਿਲਣੀ ਦੀ ਰਸਮ ਆਖਿਆ ਜਾਂਦਾ ਹੈ ਜਿਸ ਵਿਚ ਵਰਤਮਾਨ ਸਮੇਂ ਕੇਵਲ "ਹਮ ਘਰਿ ਸਾਜਨ ਆਏ" ਸ਼ਬਦ ਦਾ ਗਾਇਨ ਜੋਟੀਆਂ ਵਾਲੀ ਕੀਰਤਨ ਸ਼ੈਲੀ ਵਿਚ ਕੀਤਾ ਜਾਂਦਾ ਹੈ। (ਪੁਰਾਤਨ ਸਮੇਂ ਵਿਚ ਮਿਲਣੀ ਦੀ ਰਸਮ ਵੇਲੇ ਅਕਾਲ ਪੁਰਖ ਦੇ ਸ਼ੁਕਰਾਨੇ ਦੇ ਹੋਰ ਸ਼ਬਦਾਂ ਦਾ ਗਾਇਨ ਵੀ ਕੀਤਾ ਜਾਂਦਾ ਸੀ ਪਰ ਅਜਕਲ ਸਮੇਂ ਦੀ ਘਾਟ ਕਾਰਨ ਉਪਰੋਕਤ ਇਕੋ ਹੀ ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ।)

**ਆਨੰਦ ਕਾਰਜ ਦੀ ਰਸਮ ਦਾ ਆਰੰਭ** : ਪੁਰਾਤਨ ਗੁਰਮਤਿ ਗੀਤ ਅਨੁਸਾਰ ਅਮ੍ਰਿਤ ਵੇਲੇ, ਆਸਾ ਦੀ ਵਾਰ ਦੇ ਕੀਰਤਨ ਤੋਂ ਬਾਦ ਆਨੰਦ ਮੰਗਲ ਦੇ ਸ਼ਬਦਾਂ ਦਾ ਗਾਇਨ ਕਰਕੇ ਆਨੰਦ

ਕਾਰਜ ਦੀ ਰਸਮ ਅਦਾ ਕੀਤੀ ਜਾਂਦੀ ਸੀ। ਵਰਤਮਾਨ ਸਮੇਂ ਆਮ ਕਰਕੇ ਆਨੰਦ ਕਾਰਜ ਦੀ ਰਸਮ ਦਾ ਆਰੰਭ ਆਨੰਦ ਮੰਗਲ ਦੇ ਸ਼ਬਦਾਂ ਦੇ ਗਾਇਨ ਨਾਲ ਸ਼ੁਰੂ ਹੁੰਦਾ ਹੈ।

ਸ਼ਬਦ ਕੀਰਤਨ ਉਪਰਾਂਤ ਆਨੰਦ ਕਾਰਜ ਦੀ ਰਸਮ ਦਾ ਪਹਿਲਾ ਪੜਾਅ ਹੇਠ ਲਿਖੇ ਅਨੁਸਾਰ "ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ" ਸ਼ਬਦ ਦੇ ਗਾਇਨ ਨਾਲ ਹੁੰਦਾ ਹੈ।

ਆਨੰਦ ਕਾਰਜ ਦੀ ਰਸਮ ਆਰੰਭ ਕਰਨ ਲਈ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸ ਕੀਤੀ ਜਾਂਦੀ ਹੈ ਅਤੇ ਹੁਕਮਨਾਮਾ ਲਿਆ ਜਾਂਦਾ ਹੈ।

**ਪੱਲੇ ਦੀ ਰਸਮ :** ਇਸ ਰਸਮ ਵਿਚ ਲੜਕੀ ਦਾ ਪਿਤਾ ਲੜਕੇ ਦਾ ਪੱਲਾ ਲੜਕੀ ਨੂੰ ਫੜਾ ਕੇ ਪੱਲੇ ਦੀ ਰਸਮ ਅਦਾ ਕਰਦਾ ਹੈ ਕੀਰਤਨੀ ਸਿੰਘ "ਪਲੇ ਤੈਡੇ ਲਾਗੀ" ਦਾ ਸ਼ਬਦ ਗਾਇਨ ਕਰਦੇ ਹਨ।

**ਲਾਵਾਂ ਦਾ ਕੀਰਤਨ :** ਲਾਵਾਂ ਦਾ ਕੀਰਤਨ ਆਰੰਭ ਹੋਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬਿਰਾਜਮਾਨ ਗ੍ਰੰਥੀ ਸਿੰਘ ਸੂਹੀ ਮਹਲਾ ੪ ਪੰਨਾ ੭੭੩ ਵਿਚੋਂ "ਹਰਿ ਪਹਿਲੜੀ ਲਾਵ" ਦਾ ਪਾਠ ਕਰਦੇ ਹਨ ਉਪਰੰਤ ਰਾਗੀ ਸਿੰਘ ਇਸ ਦਾ ਗਾਇਨ ਕਰਦੇ ਹਨ। ਲੜਕਾ ਅਤੇ ਲੜਕੀ ਗੁਰੂ ਗ੍ਰੰਥ ਸਾਹਿਬ ਅਗੇ ਮਥਾ ਟੇਕ ਕੇ ਗੁਰੂ ਗ੍ਰੰਥ ਸਾਹਿਬ ਦੀ ਪਰਿਕ੍ਰਮਾ ਕਰਕੇ ਪਹਿਲੀ ਲਾਵ ਲੈਦੇਂ ਹਨ।

ਇਸੇ ਤਰ੍ਹਾਂ ਦੂਜੀ,ਤੀਜੀ ਅਤੇ ਚੌਥੀ ਲਾਵ ਦਾ ਪਾਠ ਅਤੇ ਕੀਰਤਨ ਹੁੰਦਾ ਹੈ ਅਤੇ ਲੜਕਾ ਅਤੇ ਲੜਕੀ ਚਾਰੇ ਲਾਵਾਂ ਪੂਰੀਆਂ ਕਰਦੇ ਹਨ।

**ਆਨੰਦ ਸਾਹਿਬ ਦਾ ਕੀਰਤਨ :** ਲਾਵਾਂ ਤੋਂ ਬਾਦ ਰਾਗੀ ਸਿੰਘ ਆਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ ਕੀਰਤਨ ਕਰਦੇ ਹਨ। ਆਨੰਦ ਕਾਰਜ ਦੇ ਕੀਰਤਨ ਤੋਂ ਬਾਦ "ਪੂਰੀ ਆਸਾ ਜੀ" ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ।

**ਅਕਾਲ ਚਲਾਨੇ ਨਾਲ ਸੰਬੰਧਿਤ ਕੀਰਤਨ ਪਰੰਪਰਾ :** ਗੁਰ ਸਿਖੀ ਜੀਵਨ ਵਿਚ ਬਾਕੀ ਰਸਮਾਂ ਦੀ ਤਰ੍ਹਾਂ ਹੀ ਪ੍ਰਾਣੀ ਦੇ ਅਕਾਲ ਚਲਾਣੇ ਦੀ ਰਸਮ ਵੀ ਸ਼ਬਦ ਕੀਰਤਨ ਦੀ ਵਿਸ਼ੇਸ਼ ਮਰਯਾਦਾ ਦੁਆਰਾ ਪੂਰੀ ਮੰਨੀ ਜਾਂਦੀ ਹੈ। ਅਕਾਲ ਚਲਾਨੇ ਤੋਂ ਬਾਦ ਜਦੋਂ ਪ੍ਰਾਣੀ "ਦੇਹਿ" ਸਰੂਪ ਵਿਚ ਪਿਆ ਹੁੰਦਾ ਹੈ ਤਾਂ ਮਾਰੂ ਰਾਗ ਵਿਚ ਸ਼ਬਦ ਅਤੇ ਮਾਰੂ ਦੀ ਵਾਰ ਦਾ ਗਾਇਨ ਕੀਤਾ ਜਾਂਦਾ ਹੈ।

ਦੇਹਿ ਨੂੰ ਦਾਹ ਮਗਰੋਂ ਹੋਣ ਵਾਲੇ ਕੀਰਤਨ ਵਿਚ ਰਾਗ ਵਡਹੰਸ ਵਿਚ ਅਲਾਹਣੀਆਂ, ਦਾ ਗਾਇਨ ਕੀਤਾ ਜਾਂਦਾ ਹੈ। ਇਸ ਅਵਸਰ ਉੱਤੇ ਗਾਏ ਜਾਣ ਵਾਲੇ ਬਾਕੀ ਸ਼ਬਦ "ਜੋ ਆਇਆ ਸੋ ਚਲਸੀ" ਵਿਸ਼ੇ/ਪ੍ਰਕਰਣ ਅਧੀਨ ਇਸ ਸ਼ਰੀਰ ਦੀ ਨਾਸ਼ਵਕਤਾ ਦਾ ਗੁਰਮਤਿ ਸਿਧਾਂਤ ਪ੍ਰਗਟਾਉਣ ਵਾਲੇ ਹੁੰਦੇ ਹਨ।

ਪ੍ਰਾਣੀ ਦੀ ਅੰਤਿਮ ਅਰਦਾਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਉਪਰਾਂਤ ਹੋਣ ਵਾਲੇ ਸ਼ਬਦ ਕੀਰਤਨ ਵਿਚ, ਦੇਹਿ ਦੀ ਨਾਸ਼ਵਕਤਾ ਜਨਮ-ਮਰਣ ਦੀ ਅਟਲ ਸਚਾਈ ਅਤੇ ਜੀਵਨ ਅਟਲ ਸਚਾਈਆਂ ਦੇ ਮਹੱਤਵ ਨੂੰ ਸਮਝਾਂਦਿਆਂ ਵਾਹਿਗੁਰੂ ਦੇ ਚਰਨਾਂ ਦਾ ਓਟ ਆਸਰਾ ਲੈਣ ਵਾਲੇ ਸ਼ਬਦਾਂ ਦਾ ਕੀਰਤਨ ਵਿਸ਼ੇਸ਼ ਰੂਪ ਵਿਚ ਕਰਨ ਉਪਰੰਤ ਆਨੰਦ ਸਾਹਿਬ ਦੇ ਕੀਰਤਨ ਤੋਂ ਬਾਦ ਪ੍ਰਾਣੀ ਦੀ ਅੰਤਿਮ ਅਰਦਾਸ ਕਰਦੇ ਹਨ। ■

## ਅੰਮ੍ਰਿਤ ਕੀਤਰਨ ਦਾ ਚੰਦਾ ਭੇਜੋ ਜੀ

ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ। ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ ।


**SINGH** Cycle & **Auto Industries**

Phone : 773884 (S)
740595 (R)

*Auth. Dealers : Exide Batteries, Pennziol Lubricants, Mico Bosch, Ceat & Good Year Tyres, Scooters, Motor Cycles, Car Parts etc.*

Lucas TVS

PENNZOIL EXIDE MICO CEAT

Shop No. 36, Sector 15-D, Chandigarh

## ਲਾਵਾਂ

## ਸੂਹੀ ਮਹਲਾ ੪

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥
ਸਤਿਗੁਰੁ ਗੁਰੁ ਪੂਰਾ ਅਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥੧॥

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥
ਹਰਿ ਆਤਮਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰ ਜਨ ਮੰਗਲ ਗਾਏ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥੨॥

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥੩॥

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਧਾਈ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
ਜਨ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥੪॥੨॥

*(ਗੁਰੂ ਗ੍ਰੰਥ ਸਾਹਿਬ, ਪੰਨਾ ੭੭੩-੭੪)*

## ਪਹਿਲੜੀ ਲਾਵ

| 0 | | | 1 | | 2 | | 0 | | | 1 | | 2 | |
|---|---|---|---|---|---|---|---|---|---|---|---|---|---|
| | | | | | | | | | | | | ਨ਼ੀ | ਸ |
| | | | | | | | | | | | | ਹ | ਰਿ |
| ਰੇਰੇ | ਗੁ | ਰੇ | ਸ | ਸ | ਨ਼ੀ | ਸ | ਰੇ | ਗੁ | ਰੇ | ਸ | ਸ | ਨ਼ੀ | ਨ਼ੀ |
| ਪਹਿ | ਲ | ੜੀ | ਲਾ | ਵ | ਪ | ਰ | ਵਿ | ਰ | ਤੀ | ਕ | ਰ | ਮ | ਦ੍ਰਿ |
| ਧ | – | – | ਸਸ | – | ਸ | ਸ | ਰੇਗੁ | ਮ | – | ਗ | ਰੇ | – | – |
| ੜਾਂ | ऽ | ऽ | ਇਆ | ऽ | ਬ | ਲਿ | ਰਾऽ | ਮ | ਜੀ | ਉ | ऽ | ऽ | ऽ |
| ਮ | – | ਗ | ਮ | ਮ | ਗੁ | ਰੇ | ਗੁ | – | ਰੇ | ਸਸ | – | ਨ਼ੀ | ਧ਼ਧ਼ |
| ਬਾ | ऽ | ਣੀ | ਥ੍ਰ | ਹ | ਮਾ | ऽ | ਵੇ | ऽ | ਦੁ | ਧਰ | ਮੁ | ਦ੍ਰਿ | ੜਹੁ |
| ਸ | ਸ | ਸ | ਰੇ | ਰੇਰੇ | ਗੁ | ਗੁ | ਰੇ | –ਰੇ | ਰੇ | ਗੁ | ਰੇ | ਸ | ਨ਼ੀ |
| ਪਾ | ਪ | ਤ | ਜਾ | ਇਆ | ਬ | ਲਿ | ਰਾ | ऽਮ | ਜੀ | ਉ | ऽ | ऽ | ऽ |
| ਸ | – | – | – | – | – | – | ਸਸ | ਸ | ਸ | ਸ | ਸ | ਨ਼ੀ | ਸ |
| ऽ | ऽ | ऽ | ऽ | ऽ | ऽ | ऽ | ਧਰ | ਮੁ | ਦ੍ਰਿ | ੜ | ਹੁ | ਹ | ਰਿ |
| ਰੇ | ਗੁ | ਰੇ | ਸ | – | ਨ਼ੀ | ਨ਼ੀ | ਧ਼ | ਧ਼ | ਧ਼ | ਸ | – | ਸ | ਸ |
| ਨਾ | ਮੁ | ਧਿ | ਆ | ऽ | ਵੁ | ਹੁ | ਸਿ | ਮ੍ਰਿ | ਤਿ | ਨਾ | ऽ | ਮੁ | ਦ੍ਰਿ |
| ਰੇਗੁ | ਮ | – | ਗੁਗੁ | ਰੇ | – | – | ਮਮ | – | ਗ | ਮ | ਮ | ਗੁ | ਰੇ |
| ੜਾऽ | ऽ | ऽ | ਇਆ | ऽ | ऽ | ऽ | ਸਤਿ | ਗੁ | ਰੁ | ਗੁ | ਰੁ | ਪੂ | ऽ |
| ਗੁ | – | ਰੇ | ਸ | ਸਸ | ਨ਼ੀ | ਧ਼ | ਸਸ | ਸ | ਸ | ਰੇ | – | ਗੁ | ਗੁ |
| ਰਾ | ऽ | ਆ | ਰਾ | ਧਰੁਹ | ਸੰ | ਭਿ | ਕਿਲ | ਵਿ | ਖ | ਪਾ | ऽ | ਪ | ਗ |
| ਰੇ | – | – | ਗੁਗੁ | ਰੇ | ਸ | ਨ਼ੀ | ਸ | – | – | – | – | – | – |
| ਵਾ | ऽ | ऽ | ਇਆ | ऽ | ऽ | ऽ | ऽ | ऽ | ऽ | ऽ | ऽ | ऽ | ऽ |
| ਸ | ਸ | ਸ | ਸ | ਸ | ਨ਼ੀ | ਸ | ਰੇ | ਗੁ | ਰੇਰੇ | ਸ | ਸ | ਨ਼ੀ | ਨ਼ੀ |
| ਸਹ | ਜੁ | ਆ | ਨੰ | ਦੁ | ਹੋ | ऽ | ਆ | ऽ | ਵਡ | ਭਾ | ਗੀ | ਮ | ਨਿ |
| ਧ਼ਧ਼ | – | ਧ਼ | ਸ | – | ਸ | – | ਰੇਗੁ | ਮ | – | ਗੁਗੁ | ਰੇ | – | – |
| ਹਰਿ | ਹ | ਰਿ | ਮੀ | ऽ | ਠਾ | ऽ | ਲਾऽ | ऽ | ऽ | ਇਆ | ऽ | ऽ | ऽ |
| ਰੇ | – | – | – | – | ਰੇ | ਰੇ | ਮ | ਮ | ਗ | ਮ | – | ਗ | ਰੇ |
| ऽ | ऽ | ऽ | ऽ | ऽ | ਜ | ਨੁ | ਕ | ਹੈ | ऽ | ਨਾ | ऽ | ਨ | ਕੁ |
| ਗੁ | – | ਰੇ | ਸ | ਸ | ਨ਼ੀ | ਧ਼ | ਸ | – | ਸ | ਰੇ | – | ਗੁ | ਗੁ |
| ਲਾ | ऽ | ਵ | ਪ | ਹਿ | ਲੀ | ਆ | ਰੰ | ऽ | ਭੁ | ਕਾ | ऽ | ਜੁ | ਰੁ |
| ਰੇ | – | – | ਗੁਗੁ | ਰੇ | ਸ | ਨੀ | ਸ | – | – | – | – | – | – |
| ਚਾ | ऽ | ऽ | ਇਆ | ऽ | ऽ | ऽ | ऽ | ऽ | ऽ | ऽ | ऽ | ਹ | ਰਿ |
| ਨ਼ੀਨ਼ੀ | ਨੀ | ਰੇ | ਸ | – | ਸ | – | – | | | | | | |
| ਪਹਿ | ਲ | ੜੀ | ਲਾ | ऽ | ਵ | ऽ | ऽ | | | | | | |

*ਨੋਟ : 'ਹਰਿ ਦੂਜੜੀ ਲਾਵ ਸਤਿਗੁਰ ਪੁਰਖੁ ਮਿਲਾਇਆ' ਤੇ ਹਰਿ ਤੀਜੜੀ ਲਾਵ "ਮਨਿ ਚਾਉ ਭਇਆ" ਇਹ ਦੋਨੋ ਲਾਵਾਂ ਪਹਿਲੀ ਲਾਂਵ ਤੇ ਲਾਉਣੀਆਂ ਹਨ।*

## ਚਉਥੜੀ ਲਾਵ

| 0 | | | 1 | | 2 | | 0 | | | 1 | | 2 | |
|---|---|---|---|---|---|---|---|---|---|---|---|---|---|
| | | | | | | | | | | | | ਸ<br>ਹ | ਸ<br>ਰਿ |
| ਸਸ<br>ਚਉ | ਸ<br>ਥ | ਸ<br>ੜੀ | ਮ<br>ਲਾ | ਰੇ<br>ਵ | ਮ<br>ਮ | ਮ<br>ਨਿ | ਪਪ<br>ਸਹ | ਪ<br>ਜ | ਪ<br>ਭ | ਪਪ<br>ਇਆ | -<br>ऽ | ਪ<br>ਹ | ਪ<br>ਰਿ |
| (ਮ)ਰੇ<br>ਪਾ | ਰੇ<br>ऽ | -<br>ऽ | ਮਮ<br>ਇਆ | -<br>ऽ | ਪ<br>ਥ | ਪ<br>ਲਿ | ਮਪ<br>ਰਾऽ | -ਧ<br>ऽਮ | ਪ<br>ਜੀ | ਮ<br>ਉ | ਗ<br>ऽ | ਰੇ<br>ऽ | -<br>ऽ |
| ਰੇ<br>ऽ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ | ਪਪ<br>ਗੁਰ | ਪ<br>ਮੁ | ਪ<br>ਖਿ | ਮ<br>ਮਿ | ਮ<br>ਲਿ | ਪ<br>ਆ | ਮ<br>ਸੁ |
| ਗ<br>ਭਾ | ਗ<br>ਇ | ਰੇ<br>ਹਰਿ | ਸਸ<br>ਮਨਿ | ਸਸ<br>ਤਨਿ | ਰੇ<br>ਮੀ | ਰੇ<br>ਠਾ | ਨ਼ੀ<br>ਲਾ | -<br>ऽ | -<br>ऽ | ਸਸ<br>ਇਆ | -<br>ऽ | ਰੇ<br>ਬ | ਰੇ<br>ਲਿ |
| ਮ<br>ਰਾ | ਮ<br>ਮ | ਮ<br>ਜੀ | (ਮ)ਸ<br>ਉ | ਸ<br>ऽ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ | ਸ<br>ਹ | ਸ<br>ਰਿ |
| ਸ<br>ਮੀ | -<br>ऽ | ਸ<br>ਠਾ | ਮ<br>ਲਾ | ਰੇ<br>ऽ | ਮਮ<br>ਇਆ | -<br>ऽ | ਮ<br>ਮੇ | ਪ<br>ਰੇ | ਪਪ<br>ਪ੍ਰਭ | ਪ<br>ਭਾ | -<br>ऽ | ਪਪ<br>ਇਆ | -<br>ऽ |
| (ਮ)ਰੇਰੇ<br>ਅਨ | ਰੇ<br>ਦਿ | ਰੇ<br>ਨ | ਮ<br>ਹ | ਮ<br>ਰਿ | ਪ<br>ਲਿ | ਪ<br>ਵ | ਮਪ<br>ਲਾऽ | ਧ<br>ऽ | ਪ<br>ऽ | ਮ<br>ਈ | ਗ<br>ऽ | ਰੇ<br>ऽ | -<br>ऽ |
| ਰੇ<br>ऽ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ | ਪ<br>ਮ | ਪ<br>ਨ | ਪ<br>ਚਿੰ | ਮਮ<br>ਦਿਆ | -<br>ऽ | ਪ<br>ਫ | ਮ<br>ਲੁ |
| ਗ<br>ਪਾ | -<br>ऽ | ਰੇਰੇ<br>ਇਆ | ਸਸ<br>ਸੁਆ | ਸ<br>ਮੀ | ਰੇ<br>ਹ | ਰੇ<br>ਰਿ | ਨ਼ੀ<br>ਨਾ | -<br>ऽ | ਨੀ<br>ਮਿ | ਸ<br>ਵ | ਸ<br>ਜੀ | ਰੇ<br>ऽ | ਰੇ<br>ਵ |
| ਮ<br>ਧਾ | -<br>ऽ | -<br>ऽ | (ਮ)ਸ<br>ਈ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ | -<br>ऽ |
| ਸਸ<br>ਹਰਿ | ਸ<br>ਪ੍ਰ | ਸ<br>ਭਿ | ਮ<br>ਠਾ | ਰੇ<br>ऽ | ਮ<br>ਕੁ | ਮ<br>ਰਿ | ਮ<br>ਕਾ | ਪ<br>ਜ | ਪ<br>ਰ | ਪ<br>ਚਾ | -<br>ऽ | ਪਪ<br>ਇਆ | -<br>ऽ |
| ਸਸ<br>ਹਰਿ | ਸ<br>ਪ੍ਰ | ਸ<br>ਭਿ | ਗ<br>ਠਾ | ਰੇ<br>ऽ | ਮ<br>ਕੁ | ਮ<br>ਰਿ | ਮ<br>ਕਾ | ਪ<br>ਜ | ਪ<br>ਰ | ਪ<br>ਚਾ | ਪਪ<br>ਇਆ | ਪ<br>ਧ | ਪ<br>ਨ |
| (ਮ)ਰੇ<br>ਹਿ | ਰੇ<br>ਰ | ਰੇ<br>ਦੈ | ਮ<br>ਨਾ | -<br>ऽ | ਪ<br>ਮਿ | ਪ<br>ਵਿ | ਮਪ<br>ਗਾऽ | ਧ<br>ऽ | ਧ<br>ऽ | ਮ<br>ਸੀ | ਗ<br>ऽ | ਰੇ<br>ऽ | -<br>ऽ |

| x | 1 | 2 | x | 1 | 2 |
|---|---|---|---|---|---|
| ਰੇ - - | - - | ਰੇ ਰੇ | ਪ ਪ ਪ | ਮ - | ਪ ਮ |
| s s s | s s | ਜ ਠ | ਨਾ ਨ ਖੁ | ਥੋ s | ਲੇ s |
| ਗਗ - ਰੇ | ਸ ਸ | ਰੇ ਰੇ | ਨ਼ੀ - ਨ਼ੀਨ਼ੀ | ਸ ਸ | ਰੇ ਰੇ |
| ਚਉ s ਥੀ | ਲਾ ਵੈ | ਹ ਰਿ | ਪਾ s ਇਆ | ਪ੍ਰ ਭੂ | ਅ ਵਿ |
| ਮ - - | 'ਸ ਸ | ਸ ਸ | ਨ਼ੀਨ਼ੀ ਨ਼ੀ ਰੇ | ਸ - | ਸ - |
| ਨਾ s s | ਸੀ s | ਹ ਕਿ | ਚਉ ਥ ਞੀ | ਲਾ s | ਵ s |


HOTEL AROMA COMPLEX

SINCE 1953

# HOTEL AROMA COMPLEX

Himalaya Marg, Sector 22-C, Chandigarh 160 022

Phone : 700045-48 Fax : 0172-700051

*With compliments from*

**M.P. SINGH**

MANAGING DIRECTOR

Carsie

**AUTO PRODUCTS PVT. LTD.**

WORKS: D-48, PHASE V, FOCAL POINT, DHANDARI KALAN LUDHIANA - 141 010 (PB)

Fax: 0161 - 677406

Phone: (0161) 673534, 673536

*With compliments from*

L.S. Bahl

BiBiModes

A - 184, Okhla Industrial Area,
Phase-I, New Delhi 110 020
Factory Tel. : 6816722, 6810324
Fax : 011 - 6811953

**ਰਾਗ ਸੂਹੀ ਮਹਲਾ ੪ ਛੰਤ ਘਰੁ ੧**

ਸਤੁ ਸੰਤੋਖ ਕਰਿ ਭਾਉ, ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ ॥
ਸੰਤ ਜਨਾ ਕਰਿ ਮੇਲੁ, ਗੁਰਬਾਣੀ ਗਾਵਾਈਆ ਬਲਿਰਾਮ ਜੀਉ ॥
ਬਾਣੀ ਗੁਰ ਗਾਈ ਧਰਮ ਗਤਿ ਪਾਈ, ਪੰਚਮਿਲੇ ਸੋਹਾਇਆ ॥
ਗਇਆ ਕਰੋਧੁ, ਮਮਤਾ ਤਨਿ ਨਾਠੀ, ਪਖੰਡੁ ਕਰਮੁ ਗਵਾਇਆ ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ
ਗੁਰ ਪਰਸਾਦੀ ਬ੍ਰਹਮ ਪਛਾਤਾ, ਨਾਨਕ ਗੁਣੀ ਗਹੀਰਾ

*(ਆਦਿ ਗ੍ਰੰਥ, ਪੰਨਾ ੭੭੩)*

| ਰਾਗ ਸੂਹੀ | | | | | | | | | | | | ਤਾਲ ਦਵੀਆ | |
|---|---|---|---|---|---|---|---|---|---|---|---|---|---|
| x | | | 1 | | 2 | | x | | | 1 | | 2 | |
| | | | | | | | | | | | | ਨ਼ੀ | ਸ |
| | | | | | | | | | | | | ਸ | ਤੁ |
| ਰੇ | ਗੁ | ਰੇ | ਸ | - | ਨ਼ੀ | ਸ | ਰੇ | ਗੁ | ਰੇ | ਸੁਸੁ | ਸ | ਨ਼ੀ | ਨ਼ੀ |
| ਸੰ | ऽ | ਤੋ | ऽ | ਖੁ | ਕ | ਰਿ | ਭਾ | ऽ | ਉ | ਕੁੜ | ਮੁ | ਕੁ | ੜ |
| ਧ਼ | ਧ਼ | ਧ਼ | ਸ | ਸ | ਸ | ਸ | ਰੇਗੁ | ਮ | ਮ | ਗ | ਰੇ | - | - |
| ਮਾ | ਈ | ਆ | ਇ | ਆ | ਬ | ਲਿ | ਰਾऽ | ਮ | ਜੀ | ਉ | ऽ | ऽ | ऽ |
| ਮ | - | ਗ | ਮ | ਮ | ਗੁ | ਰੇ | ਗੁ | ਗੁ | ਰੇ | ਸ | ਸ | ਨ਼ੀ | ਧ਼ |
| ਸੰ | ऽ | ਤ | ਜ | ਨਾ | ਕ | ਰਿ | ਮੇ | ਲੁ | ਗੁ | ਰ | ਬਾ | ऽ | ਣੀ |
| ਸ | ਸ | ਸ | ਰੇ | - | ਗੁ | ਗੁ | ਰੇ | -ਰੇ | ਰੇ | ਗੁ | ਰੇ | ਸ | ਨ਼ੀ |
| ਗਾ | ਵਾ | ਈ | ਆ | ऽ | ਬ | ਲਿ | ਰਾ | ਮ | ਜੀ | ਉ | ऽ | ऽ | ऽ |
| ਸ | - | - | - | - | - | - | ਸ | ਸ | ਸ | ਸ | ਸ | ਨ਼ੀ | ਸ |
| ऽ | ऽ | ऽ | ऽ | | ऽ | ऽ | ਬਾ | ਣੀ | ਗੁ | ਰ | ਗਾ | ਈ | ਪ |
| ਰੇ | ਰੇ | ਗੁ | ਗੁ | ਰੇ | ਸ | - | ਧ਼ | ਧ਼ | ਧ਼ | ਸ | - | ਸ | - |
| ਰ | ਮ | ਗ | ਤਿ | ਪਾ | ਈ | ऽ | ਪੰ | ਚ | ਮਿ | ਲੇ | ऽ | ਸੋ | ऽ |
| ਰੇਗੁ | ਮ | - | ਗੁਗੁ | ਰੇ | - | - | ਮੁਮੁ | ਮ | ਗੁਗੁ | ਮ | ਮ | ਗੁ | ਰੇ |
| ਹਾऽ | ऽ | ऽ | ਇਆ | ऽ | ऽ | ऽ | ਗਇ | ਆ | ਕਰੋ | ऽ | ਧੁ | ਮ | ਮ |
| ਗੁ | ਗੁ | ਰੇ | ਸ | - | ਨ਼ੀ | ਧ਼ | ਸ | ਸ | ਸ | ਰੇ | ਰੇ | ਗੁ | ਗੁ |
| ਤਾ | ਤ | ਨਿ | ਨਾ | ऽ | ਠੀ | ऽ | ਪਾ | ਖੰ | ਡੁ | ਕ | ਰ | ਮੁ | ਗ |
| ਰੇ | - | - | ਗੁਗੁ | ਰੇ | ਸ | ਨ਼ੀ | ਸ | - | - | - | - | - | - |
| ਵਾ | ऽ | ऽ | ਇਆ | ऽ | ऽ | ऽ | ऽ | ऽ | ऽ | ऽ | ऽ | ऽ | ऽ |
| ਸੁਸੁ | ਸ | - | ਸ | - | ਨ਼ੀ | ਸ | ਰੇ | ਗੁ | ਰੇ | ਸ | - | ਨ਼ੀਨ਼ੀ | ਨ਼ੀ |
| ਹਉ | ਮੈ | ऽ | ਪੀ | ऽ | ਰ | ਗ | ਈ | ਸੁ | ਖ | ਪਾ | ऽ | ਇਆ | ਅ |

| x | | | 1 | | 2 | | x | | | 1 | | 2 | |
|---|---|---|---|---|---|---|---|---|---|---|---|---|---|
| ਧ਼ | ਧ਼ | ਧ਼ | ਸ | ਸ | – | ਸ | ਰੇਗੁ | ਮ | – | ਗ | ਰੇ | – | – |
| ਰੋ | ਗ | ਤ | ਭ | ਏ | ऽ | ਸ | ਗੀऽ | ऽ | ऽ | ਗਾ | ऽ | ऽ | ऽ |
| – | – | – | – | – | ਰੇ | ਰੇ | ਮ | ਮ | ਗ | ਮ | – | ਗੁ | ਰੇ |
| ऽ | ऽ | ऽ | ऽ | ऽ | ਗੁ | ਰ | ਪ | ਰ | ऽ | ਸਾ | ऽ | ਦੀ | ऽ |
| ਗੁ | ਗੁ | ਰੇ | ਸ | – | ਨ਼ੀ | ਧ਼ | ਸ | ਸ | ਸ | ਰੇ | ਰੇ | ਗੁ | ਗੁ |
| ਬ੍ਰਹ | ਮ | ਪ | ਛਾ | ऽ | ਤਾ | ऽ | ਨਾ | ਨ | ਕ | ਗੁ | ਣੀ | ऽ | ਗ |
| ਰੇ | – | – | ਸ | – | ਸ | – | | | | | | | |
| ਹੀ | ऽ | ऽ | ਗਾ | ऽ | ऽ | | | | | | | | |

## ਅਕਾਲ ਚਲਾਣੇ ਦੇ ਸ਼ਬਦ

### ਜੈਜਾਵੰਤੀ ਮਃ ੯

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜ ਰੇ ॥
ਨਿਸ ਦਿਨ ਸੁਨਿ ਕੈ ਪੁਰਾਨ ਸਮਝਤ ਨਹੀ ਰੇ ਅਜਾਨ॥
ਕਾਲ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ਰਹਾਉ॥
ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥
ਕਿਉ ਨ ਹਰਿ ਕੋ ਨਾਮ ਲੇਹ ਮੂਰਖ ਨਿਲਾਜ ਰੇ ॥੧॥
ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ॥
ਨਾਨਕ ਜਨ ਇਹ ਬਖਾਨ ਜਗ ਮੈ ਬਿਰਾਜ ਰੇ ॥੨॥

| ਰਾਗ ਜੈਜਾਵੰਤੀ | | | | | | | | | | | | | | | ਤਿੰਨ ਤਾਲ |
|---|---|---|---|---|---|---|---|---|---|---|---|---|---|---|---|
| 0 | | | | 3 | | | | x | | | | 2 | | | |
| *ਸਥਾਈ* | | | | | | | | | | | | | | | |
| ਸ | ਨ਼ੀ | ਸ | ਰੇ | ਸਨ਼ੀ | ਸ | ਧ਼ | ਨ਼ੀ | ਗਰੇ | ਰੇ | ਗ | ਮਪ | ਗਮ | ਗਮ | ਰੇਗੁ | ਰੇ |
| ਬੀ | ਤ | ਜੈ | ਹੈ | ਬੀ | ਤ | ਜੈ | ਹੈ | ਜ | ਨ | ਮ | ਅऽ | ਕਾ | ऽਜ | ਰੇऽ | ऽ |
| ਸਨ਼ੀ | ਨ਼ੀ | ਸ | ਸ | ਨ਼ੀਸ | ਰੇਸ | ਨ਼ੀ | ਧ਼ | ਪਪ | ਪਪ | ਰੇ | ਰੇ | ਗੁਰੇ | ਗ | ਮ | ਪ |
| ਨਿ | ਸ | ਦਿ | ਨ | ਸੁਨ | ਕੈਪੁ | ਰਾ | ਨ | ਸਮ | ਝਤ | ਨ | ਹ | ਰੇऽ | ਅ | ਜਾ | ਨ |
| ਨ਼ੀ | ਧ | ਪ | ਪਧ | ਮ | ਪਪ | ਗ | ਮ | ਗਰੇ | ਗ | ਮ | ਪ | ਗਮ | ਗਮ | ਗਰੇਗੁ | ਰੇ |
| ਕਾ | ਲ | ਤਉ | ਪऽ | ਹੂ | ਚਿਓ | ਆ | ਨ | ਕ | ਹਾ | ਜੈ | ਹੈ | ਭਾ | ऽਜ | ਰੇऽ | ऽ |
| *ਅੰਤਰਾ* | | | | | | | | | | | | | | | |
| ਮਮ | ਪ | ਨੀ | ਨੀ | ਸੰ | ਨੀਨੀ | ਸੰ | ਸੰ | ਨੀਸੰ | ਰੇਗੁੰ | ਰੇਂ | ਸੰਸੰ | ਰੇਰੇ | ਸੰਨੀ | ਸੰ | ਸੰ |
| ਅਸ | ਥਿ | ਰ | ਜੋ | ਮਾ | ਨਿਓ | ਦੇ | ਹ | ਸੋऽ | ਤਉ | ਤੇ | ਰਉ | ਹੋਇ | ਹੈऽ | ਖੇ | ਹ |
| [illegible] | [illegible] | [illegible] | [illegible] | ਧਪ | ਧ | ਮ | ਪ | ਧ | ਧ | ਮਗ | ਮ | ਗਰੇ | –ਗੁ | ਰੇ | – |
| [illegible] | [illegible] | [illegible] | [illegible] | ਨਾऽ | ਮ | ਲੇ | ਹ | ਮੂ | ਰ | ਖ | ਨਿ | ਲਾ | ऽਜ | ਰੇ | ऽ |

[illegible] ਤੋਂ ਲਾਓ।

# ਗੁਰਮੁਖ ਢੂਢ ਢੂਢੇਦਿਆਂ

**( Free Matrimonial Service )**

**SUITABLE** match for Jat Sikh Girl (DOB- 3.3.74, 166 cms.), MA (Psychology), UGC National Eligibility Test for Lecturership cleared, getting UGC Research Fellowship and doing Research for Ph.D. Convent educated. Father Prof. in Punjab University, mother retired Lecturer. ***Box : 0074***

**WANTED** well settled Gursikh match from Arora/Khatri family, preferably Jalandhar/ Ludhiana, for Arora Sikh Girl (24, 155cms.), slim Graduate and Diploma in Computer. ***Box : 0075***

**SUITABLE** non-trimmer, non-drinker match for Arora Sikh Girl (24, 5'-1.3/4"), slim, BA, Diploma in Architectural Assistanceship (3 years), Computer Course - one year 'O' Level, doing MA (Part I) and Kirtan knowing. Parents are Govt. pensioners. Forefathers migrated from Sargodha/Lyallpur. Preferred Jalandhar and Ludhiana. ***Box : 0076***

**SUITABLE** match for Khatri Girl (38, 5'-2"), BA, BEd., beautiful, fair, slim and well mannered. Employed as permanent teacher in Govt. School. Father retired Defence Officer and brothers well employed. ***Box : 0077***

**SUITABLE** match for Arora Boy (DOB- 30.9.68, 5'-11"), very fair, BE (Electrical) & MBA, having his own well established Business. Father SE/Punjab Govt. ***Box : 0078***

**SUITABLE** non-trimmer, teetotaller, religious match for Convent educated, Postgraduate, Engineer Khatri Girl (25, 5'-6") of sophisticated cultured family. Employed as System Analyst in Software Co. ***Box : 0079***

**SUITABLE** Gursikh match upto 50 years for 50+/ 5'-4" healthy, financially secure, broadminded, educated, adjustable, status issueless, widower, issue if any acceptable. ***Box : 0080***

**SUITABLE** Gursikh match (Amritdhari not necessary) from Arora/Khatri family belonging to Punjab, preferably Jalandhar and around, well settled in service, good business, for Arora Sikh Girl (DOB- 9.12.74, 155 cms.), Graduate, slim, fair having sharp features. Appeared in Computer Diploma 'O' Level, Delhi University, studying MA. The only daughter of her parents, both Govt. retired/pensioners. ***Box : 0081***

**GURSIKH** match for an Amritdhari middle class Chowdhry Boy (25, 5'-9"), ITI Diploma undergraduate in Electronic Spareparts Business in Nabha. ***Box : 0082***

**WANTED** a Gursikh match for Amritdhari Arora Girl (25, 5'-5"), MCom, MFC, DISM, one year Computer Course. ***Box : 0083***

**SUITABLE** match for Dhaliwal Graduate Girl (DOB- 1.1.72, 5'-2"), sharp features, fair, beautiful & charming personality, with Specs, well versed in Homely affairs, presently employed in a reputed organisation. Father working in Punjab Govt. Corpn. ***Box : 0084***

**SUITABLE** match for Chopra Girl (DOB- 18.9.73, 5'-2"), Convent educated, MSc (I Div.), Computer Course, doing MEd. Father retired Add. Excise Com., settled in Ropar. ***Box : 0085***

**GURSIKH** match for fair, slim, smart, sober, intelligent, well versed in Household affairs, Graduate Girl (26+, 5'-4"),Pb. Govt. service, Diplomas- Electronics, 'O' level Computer, Library Science. Family from Jhelum (West Pakistan) now settled at Mohali. Father in Govt. service. Brothers Engineers. ***Box : 0086***

**SUITABLE** match for Amritdhari Girl (23, 5'-2"), BEMS, 4years Electropathy Medical Course, practising in Nursing Home, expert in Household activities. Dowry seekers, please excuse. ***Box : 0087***

**Contact : Sardar Harbhajan Singh #1246, Sector : 22 B, Chandigarh**

Registration No. Chandig rh Div./52/98 RNI Regd. No. 46788/89 ISSN-002045

*STATE OF ART HEARING AIDS*
*AVAILABLE IN ALL MODELS*

BONE CONDUCTION SPECTACLE
AIR CONDUCTION SPECTACLE
IN THE CANAL
BEHIND THE EAR
POCKET MODEL
AND
*MANY MORE ATTRACTIVE MODELS*

visit

Dr. PREETI AHUJA

*Sounds*

THE HEARING AID PEOPLE
C - 353, DEFENCE COLONY
NEW DELHI 110 024
PHONE : 011 - 4620485

ਮਾਨਸ ਕੀ ਜਾਤਿ ਸਬੈ ਏਕੌ ਪਹਿਚਾਨਬੋ

1699-1999

KHALSA

Tricentenary

BANK OF PUNJAB

Recognize All Humankind as One

# Celebrating banking relationships *built to last.*

**LONGER BUSINESS HOURS**

**BOP MULTIPLIER**

**ATM** (24 hours cash deposit & withdrawal facility)

**SWIFT** (Instant international funds transfer)

**LOCKERS**

**BOP FIXED DEPOST**

50 BANKING OFFICES ACROSS INDIA

5th Best Bank among 97 in the Country*

OVER 2,50,000 SATISFIED CUSTOMERS

**BOP COMFOT** Recurring Deposit

**BEST BARGAIN AUTO LOANS**

**FAX BANKING/TELE BANKING**

**CASH MANAGEMENT SERVICES** (Quick clearance of outstaion cheques)

**REMOTE CUSTOMER TERMINAL**

**BOP SAVINGS**

* Source Business India Januray 11 to 24, 1999

# BANK OF PUNJAB LTD.

*We Value Relationships*

Visit us at : http//www.bankofpunjab.com